# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਤੇਈ (ਭਾਸ਼ਾ ਕੁਸ਼ਲਤਾ ਦਾ ਸ਼ਸ਼ਕਤੀਕਰਨ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1. ਸਕੂਲ ਮੈਗਜ਼ੀਨ

2.2. ਕੰਧ ਮੈਗਜ਼ੀਨ

2.3. ਸਿੱਖਿਆ ਲੇਖਣ ਨਾਲ ਜੋੜਨਾਂ


**Department website : www.pbidde.org**

**ਪਾਠ ਨੰਬਰ 2.1** **ਲੇਖਕ – ਡਾ. ਮੰਜੂ ਸੂਦ**

## ਸਿਰਲੇਖ – ਸਕੂਲ ਮੈਗਜ਼ੀਨ – ਉਦੇਸ਼, ਮਹੱਤਤਾ ਅਤੇ ਖ਼ਾਕਾ (Lay out)

**ਪਾਠ ਦੀ ਸੰਰਚਨਾ**

2.1.1 ਪਾਠ ਦੇ ਉਦੇਸ਼
2.1.2 ਪਾਠ ਦੀ ਭੂਮਿਕਾ
2.1.3 ਸਕੂਲ ਮੈਗਜ਼ੀਨ ਦਾ ਅਰਥ
2.1.4 ਸਕੂਲ ਮੈਗਜ਼ੀਨ ਦੇ ਉਦੇਸ਼
2.1.5 ਸਕੂਲ ਮੈਗਜ਼ੀਨ ਦੀ ਮਹੱਤਤਾ
2.1.6 ਸਕੂਲ ਮੈਗਜ਼ੀਨ ਦਾ ਖ਼ਾਕਾ (Lay out)
2.1.7 ਪਾਠ ਦਾ ਸਾਰ
2.1.8 ਪ੍ਰਸ਼ਨ – ਸੁਝਾਅ
2.1.9 ਸੁਝਾਈ ਪੜ੍ਹਨ- ਸਮੱਗਰੀ ਅਤੇ ਵੈੱਬ-ਸਾਧਨ

### 2.1.1 ਪਾਠ ਦੇ ਉਦੇਸ਼

(ੳ) ਵਿਦਿਆਰਥੀ ਸਕੂਲ ਮੈਗਜ਼ੀਨ ਦਾ ਅਰਥ ਲਿਖਣ ਦੇ ਯੋਗ ਹੋ ਜਾਣਗੇ।

(ਅ) ਵਿਦਿਆਰਥੀ ਸਕੂਲ ਮੈਗਜ਼ੀਨ ਦੇ ਉਦੇਸ਼ ਦੱਸਣਯੋਗ ਹੋ ਜਾਣਗੇ।

(ੲ) ਵਿਦਿਆਰਥੀ ਸਕੂਲ ਮੈਗਜ਼ੀਨ ਦੀ ਮਹੱਤਤਾ ਸਮਝਣ ਯੋਗ ਹੋ ਜਾਣਗੇ।

(ਸ) ਵਿਦਿਆਰਥੀ ਸਕੂਲ ਮੈਗਜ਼ੀਨ ਦਾ ਖ਼ਾਕਾ ਬਿਆਨ ਕਰਨ ਯੋਗ ਹੋ ਜਾਣਗੇ।

(ਹ) ਵਿਦਿਆਰਥੀ ਇੱਕ ਚੰਗੀ ਸਕੂਲੀ ਮੈਗਜ਼ੀਨ ਤਿਆਰ ਕਰਨ ਦਾ ਤਰੀਕਾ ਦੱਸਣਯੋਗ ਹੋ ਜਾਣਗੇ।

### 2.1.2 ਪਾਠ ਦੀ ਭੂਮਿਕਾ:

ਅੱਜ ਦੇ ਸਮੇਂ ਵਿੱਚ ਲੱਗਦਾ ਹੈ ਕਿ ਮੈਗਜ਼ੀਨ ਨੇ ਸਾਡੀ ਜ਼ਿੰਦਗੀ ਨੂੰ ਆਕਾਰ ਦਿੱਤਾ। ਸਾਨੂੰ ਦੱਸਿਆ ਕਿ ਕੀ ਪਹਿਨਣਾ ਹੈ? ਕੀ ਖਾਣਾ ਹੈ? ਅਤੇ ਕਿਸਦੇ ਬਾਰੇ ਸੋਚਣਾ ਹੈ, ਇਹ ਇੰਟਰਨੈੱਟ ਦਾ ਜ਼ਮਾਨਾ ਹੈ, ਅਸੀਂ ਲਗਾਤਾਰ ਮੈਗਜ਼ੀਨਾਂ ਦਾ ਆਨੰਦ ਮਾਣ ਰਹੇ ਹਾਂ। ਇਨ੍ਹਾਂ ਦੇ ਪੰਨਿਆਂ, ਤਸਵੀਰਾਂ, ਵਿਆਖਿਆਵਾਂ ਅਤੇ ਸੁਰਖੀਆਂ ਦੀ ਪ੍ਰਸੰਸਾ ਕਰਦੇ ਹਾਂ। ਇਸ ਪ੍ਰਸਿੱਧੀ ਦਾ ਕਾਰਣ ਹੈ ਕਿ ਮੈਗਜ਼ੀਨਾਂ ਸਾਰੇ ਕਿਸਮ ਦੀਆਂ ਰੁਚੀਆਂ ਅਤੇ ਜਜ਼ਬਿਆਂ ਨੂੰ ਇਕੱਠ ਕਰਦੀਆਂ ਹਨ। ਜ਼ਿਆਦਾਤਾਰ ਮੈਗਜ਼ੀਨਾਂ ਪਹਿਲੀ ਵਾਰ ਇੱਕੋ ਜਿਹੀਆਂ ਪ੍ਰਤੀਤ ਹੁੰਦੀਆਂ ਹਨ, ਪਰ ਇਹ ਅਲੱਗ-ਅਲੱਗ ਕਿਸਮ ਦੇ ਦਰਸ਼ਕਾਂ ਨੂੰ ਮੁੱਖ ਰੱਖਦੀਆਂ ਹਨ।

### 2.1.3 ਸਕੂਲ ਮੈਗਜ਼ੀਨ ਦਾ ਭਾਵ ਅਰਥ :

**ਮੈਗਜ਼ੀਨ ਸ਼ਬਦ ਦਾ ਅਰਥ** : ਸਕੂਲ ਮੈਗਜ਼ੀਨ ਸ਼ਬਦ ਦੇ ਮਤਲਬ ਨੂੰ ਸਮਝਣ ਲਈ ਪਹਿਲਾਂ ਅਸੀਂ ਮੈਗਜ਼ੀਨ ਸ਼ਬਦ ਦਾ ਮਤਲਬ ਜਾਣਦੇ ਹਾਂ। ਮੈਗਜ਼ੀਨ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਮੁਖਾਜ਼ਿਨ' ਜਾਂ 'ਸਟੋਰ ਹਾਊਸ', ਜੋ ਕਿ ਤੱਥਾਂ ਅਤੇ ਕਲਪਨਾਵਾਂ ਇਕੱਠ ਹੈ, ਜੋ ਸਾਰੇ ਇੱਕ ਪੈਕੇਜ ਦੇ ਵਿੱਚ ਇਕਤਰਿਤ ਹੁੰਦੇ ਹਨ। ਇੱਕ ਮੈਗਜ਼ੀਨ ਸੰਬੰਧਿਤ ਵਿਸ਼ਾ ਵਸਤੂ, ਜੋ ਕਿ ਇੱਕੋ ਪੈਕੇਜ ਵਿੱਚ ਹੁੰਦਾ ਹੈ, ਉਸ ਨੂੰ ਪ੍ਰਦਰਸ਼ਿਤ ਕਰਦੀ ਹੈ। ਇਸ ਤਰ੍ਹਾਂ ਮੈਗਜ਼ੀਨ ਨੂੰ ਜਗਿਆਸਾ ਦਾ ਸੰਦੂਕ ਵੀ ਕਿਹਾ ਜਾਂਦਾ ਹੈ, ਜੋ ਕਿ ਮਾਮਲੇ ਨੂੰ ਰੌਚਕ ਅਨੌਖੇ ਅਤੇ ਕਦੇ–ਕਦੇ ਅਜੀਬ ਚੀਜ਼ਾਂ ਦਾ ਦਿਖਾਵਾ ਅਤੇ ਲੇਖਕ ਦੀ ਵਿਸ਼ਾਲ ਜਾਂ ਤੰਗ ਰੁਚੀ ਜਾਂ ਸੰਵਾਦ ਸ਼ੈਲੀ ਨੂੰ ਦਰਸਾਉਂਦੀ ਹੈ। ਪਾਠਕ ਨੂੰ ਮਨਮੋਹਕ, ਮਨ ਦੇ ਫੈਲਾਅ ਅਤੇ ਅਨੌਖੇ ਮਾਮਲਿਆਂ ਦਾ ਆਨੰਦ ਮਨਵਾਇਆ ਜਾਂਦਾ ਹੈ, ਜਿਨ੍ਹਾਂ ਬਾਰੇ ਉਨ੍ਹਾਂ ਨੇ ਸੁਪਨੇ ਵੀ ਨਹੀਂ ਸੋਚਿਆ ਹੁੰਦਾ।

**ਸਕੂਲ ਮੈਗਜ਼ੀਨ ਦਾ ਭਾਵ** : ਜਿਵੇਂ ਅਸੀਂ ਪਹਿਲਾਂ ਪੜ੍ਹਿਆ ਹੈ ਕਿ ਵੱਖ–ਵੱਖ ਮੈਗਜ਼ੀਨ ਵੱਖ–ਵੱਖ ਦਰਸ਼ਕਾਂ ਨੂੰ ਮੁੱਖ ਰੱਖਦੀਆਂ ਹਨ ਤਾਂ ਵਰਗੀਕਰਨ ਅਨੁਸਾਰ ਇਹ ਸਧਾਰਨ ਰੁਚੀ ਮੈਗਜ਼ੀਨਾਂ ਅਤੇ ਅਸਧਾਰਨ ਰੁਚੀ ਮੈਗਜ਼ੀਨ ਵਿੱਚ ਵੰਡੀਆਂ ਜਾਂਦੀਆਂ ਹਨ। ਅਸਧਾਰਨ ਰੁਚੀ ਮੈਗਜ਼ੀਨਾਂ ਅੱਗੇ ਵਰਗੀਕਰਨ ਅਨੁਸਾਰ ਫਾਰਮ ਮੈਗਜ਼ੀਨਾਂ, ਖੇਡ ਮੈਗਜ਼ੀਨਾਂ, ਵਪਾਰ ਮੈਗਜ਼ੀਨਾਂ, ਵਾਤਾਵਰਣੀ ਮੈਗਜ਼ੀਨਾਂ, ਬੱਚਿਆਂ ਦੀਆਂ ਮੈਗਜ਼ੀਨਾਂ, ਔਰਤੀਆਂ ਦੀਆਂ ਮੈਗਜ਼ੀਨਾਂ, ਪੁਰਸ਼ਾਂ ਦੀਆਂ ਮੈਗਜ਼ੀਨਾਂ ਅਤੇ ਸਾਖਰਤਾ ਮੈਗਜ਼ੀਨਾਂ ਹਨ।

ਸਕੂਲ ਮੈਗਜ਼ੀਨ ਉਨ੍ਹਾਂ ਮੈਗਜ਼ੀਨਾਂ ਵਿੱਚੋਂ ਇੱਕ ਹੈ, ਜਿਸ ਵਿੱਚ ਸਟਾਫ ਅਤੇ ਵਿਦਿਆਰਥੀ ਸ਼ਾਮਿਲ ਹਨ ਅਤੇ ਜਿਹੜੇ ਇਸ ਦੀ ਬਣਤਰ ਵਿੱਚ ਯੋਗਦਾਨ ਪਾਉਂਦੇ ਹਨ। ਸਕੂਲ ਮੈਗਜ਼ੀਨ ਸਕੂਲ ਦੇ ਵਾਧੇ ਦਾ ਇਤਿਹਾਸਿਕ ਦਸਤਾਵੇਜ ਹੈ। ਇਹ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਬਣੀ ਪਰੰਪਰਾਵਾਂ ਬਾਰੇ ਦੱਸਦੀ ਹੈ। ਇਹ ਕੀਮਤੀ ਪ੍ਰਕਾਸ਼ਨ ਹੈ, ਜੋ ਵਿਦਿਆਰਥੀਆਂ ਦੇ ਸਿਰਜਨਾਤਮਕ ਗੁਣਾਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਦਿੰਦੀ ਹੈ। ਇੱਕ ਸਕੂਲ ਮੈਗਜ਼ੀਨ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਅਤੇ ਇੱਛਾਵਾਂ ਨੂੰ ਵਿਅਕਤ ਕਰਨ ਦਾ ਮੌਕਾ ਦਿੰਦੀ ਹੈ। ਇਹ ਵਿਅਕਤ ਕਰਨ ਦੀ ਸ਼ਕਤੀ ਪ੍ਰਗਟਾਉਂਦੀ ਹੈ ਅਤੇ ਉਨ੍ਹਾਂ ਨੂੰ ਲਿਖਣ ਦੀ ਕਲਾ ਲਈ ਤਿਆਰ ਕਰਦੀ ਹੈ। ਇਹ ਕਹਾਣੀਆਂ ਅਤੇ ਲੇਖ ਦੁਆਰਾ ਸਾਖਰਤਾ ਰੁਚੀਆਂ ਦਾ ਵਿਕਾਸ ਕਰਦੀ ਹੈ।

ਜੈਕਬਸਨ ਅਨੁਸਾਰ, "ਸਕੂਲ ਮੈਗਜ਼ੀਨ ਉਹਨਾਂ ਲਈ ਬਹੁਤ ਮੌਕੇ ਦਿੰਦੇ ਹਨ ਜੋ ਇਸਦੇ ਲਈ ਕੰਮ ਕਰਦੇ ਹਨ। ਇਹ ਬਹੁਤ ਅਸਧਾਰਨ ਹੈ ਕਿ ਵਿਦਿਆਰਥੀ ਅਤੇ ਉਸਦੇ ਮਾਤਾ–ਪਿਤਾ ਸਕੂਲ ਦੇ ਸੰਪਦਾਕਤਾ ਲਈ ਧਿਆਨ ਦੇਣ, ਇਹ ਮਹੱਤਵਪੂਰਨ ਅਨੁਭਵ ਵਿਦਿਆਰਥੀ ਲਈ ਹੈ, ਖਾਸ ਤੌਰ 'ਤੇ ਜਦੋਂ ਕੋਈ ਚੰਗਾ ਪ੍ਰਾਯੋਜਕ ਇਸ ਨੂੰ ਵਧੀਆ ਅਨੁਭਵ ਬਣਾਉਂਦਾ ਹੈ। ਜੋ ਵਿਦਿਆਰਥੀ ਇਸ ਲਈ ਕੰਮ ਕਰਦੇ ਹਨ ਉਨ੍ਹਾਂ ਨੂੰ ਸਿਰਜਨਾਤਮਕ ਲੇਖਣ ਦਾ ਅਨੁਭਵ ਹੋ ਜਾਂਦਾ ਹੈ।"

ਸਕੂਲ ਮੈਗਜ਼ੀਨਾਂ ਪਾਠਕਾਂ ਨੂੰ ਆਪਣੇ ਵਿਚਾਰਾਂ ਨੂੰ ਚੰਗੇ ਤਰੀਕੇ ਅਤੇ ਵੱਖ–ਵੱਖ ਭਾਸ਼ਾਵਾਂ ਵਿੱਚ ਲਿਖਣਾ ਸਿੱਖਣ ਕਾਬਿਲ ਬਣਾਉਂਦਾ ਹੈ। ਸਕੂਲ ਮੈਗਜ਼ੀਨ ਕਵਿਤਾਵਾਂ, ਕਹਾਣੀਆਂ ਅਤੇ ਨਾਟਕਾਂ ਦਾ ਸਮੂਹ ਹੁੰਦਾ ਹੈ। ਸਾਇੰਸ ਦੇ ਨਾਲ ਸੰਬੰਧਿਤ ਨਿਬੰਧ ਤੋਂ ਇਲਾਵਾ, ਵਿਦਿਆਰਥੀਆਂ ਦੇ ਹੋਰ ਕੰਮ ਵੀ ਇਸ ਵਿੱਚ ਸ਼ਾਮਿਲ ਹੁੰਦੇ ਹਨ। ਇਨ੍ਹਾਂ ਵਿੱਚ ਖੇਡਾਂ ਦੀ ਵੀ ਜਾਣਕਾਰੀ ਹੁੰਦੀ ਹੈ, ਇਨ੍ਹਾਂ ਵਿੱਚ ਸਕੂਲ ਦੀਆਂ ਘਟਨਾਵਾਂ, ਉੱਨਤੀਆਂ ਜੋ ਕਿ ਖਾਸ ਸਮੇਂ ਵਿੱਚ ਹੁੰਦੀਆਂ ਹਨ, ਦੀ ਜਾਣਕਾਰੀ ਵੀ ਹੋ ਸਕਦੀ ਹੈ। ਨਿਬੰਧ ਖਾਸ ਤੌਰ 'ਤੇ ਵਿਦਿਆਰਥੀਆਂ, ਅਧਿਆਪਕਾਂ

ਅਤੇ ਪੁਰਾਣੇ ਵਿਦਿਆਰਥੀਆਂ ਦੇ ਹੁੰਦੇ ਹਨ। ਸਕੂਲ ਮੈਗਜ਼ੀਨਾਂ ਸਾਲਾਨਾ ਤੌਰ 'ਤੇ ਪ੍ਰਕਾਸ਼ਿਤ ਹੁੰਦੀਆਂ ਹਨ। ਸਕੂਲ ਮੈਗਜ਼ੀਨਾਂ ਦੇ ਪ੍ਰਬੰਧ ਲਈ ਇੱਕ ਸੰਪਾਦਕੀ ਗਰੁੱਪ ਹੁੰਦਾ ਹੈ ਜਿਸ ਵਿੱਚ ਕੁਝ ਅਧਿਆਪਕ ਅਤੇ ਵਿਦਿਆਰਥੀ ਹੁੰਦੇ ਹਨ। ਸੰਪਾਦਕ ਖਾਸ ਤੌਰ 'ਤੇ ਕੋਈ ਸੀਨੀਅਰ ਵਿਅਕਤੀ ਹੁੰਦਾ ਹੈ। ਉਹ ਚੰਗੇ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਅਗਵਾਈ ਕਰਦਾ ਹੈ। ਵਿਦਿਆਰਥੀ ਆਪਣੇ ਨਿਬੰਧ ਸੰਪਾਦਕ ਜਾਂ ਸੰਪਾਦਕੀ ਗਰੁੱਪ ਦੇ ਮੈਂਬਰ ਕੋਲ ਭੇਜਦੇ ਹਨ। ਫਿਰ ਸੰਪਾਦਕ ਸਭ ਤੋਂ ਵਧੀਆ ਨਿਬੰਧ ਨੂੰ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕਰਦੇ ਹਨ।

### 2.1.4 **ਸਕੂਲ ਮੈਗਜ਼ੀਨ ਦੇ ਉਦੇਸ਼ :**

ਸਕੂਲ ਮੈਗਜ਼ੀਨ ਦੇ ਉਦੇਸ਼ ਹੇਠ ਲਿਖੇ ਹਨ :

1. ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਦਰਸਾਉਣ ਦਾ ਮੌਕਾ ਦੇਣਾ।
2. ਵਿਦਿਆਰਥੀਆਂ ਦੇ ਵਿੱਚ ਪੜ੍ਹਨ ਪ੍ਰਤੀ ਰੁਚੀ ਅਤੇ ਆਦਤ ਨੂੰ ਪੈਦਾ ਕਰਨਾ ਅਤੇ ਉਸਦਾ ਵਿਕਾਸ ਕਰਨਾ।
3. ਸਕੂਲ ਨੂੰ ਇੱਕਜੁੱਟ ਕਰਨ ਦੇ ਸਾਧਨ ਦਾ ਕੰਮ ਕਰਨਾ।
4. ਵਿਦਿਆਰਥੀਆਂ ਨੂੰ ਉਨ੍ਹਾਂ ਦੇ ਖਾਲੀ ਸਮੇਂ ਦੀ ਚੰਗੀ ਵਰਤੋਂ ਲਈ ਤਿਆਰੀ ਕਰਵਾਉਣਾ।
5. ਵਿਦਿਆਰਥੀਆਂ ਵਿੱਚ ਆਪਣੀ ਸੰਸਥਾ ਲਈ ਇਮਾਨਦਾਰੀ ਦੀ ਭਾਵਨਾ ਅਤੇ ਉਸਦੀਆਂ ਕਾਮਯਾਬੀਆਂ ਲਈ ਮਾਣ ਕਰਨ ਦੀ ਭਾਵਨਾ ਦਾ ਵਿਕਾਸ ਕਰਨਾ।
6. ਵਿਦਿਆਰਥੀਆਂ ਵਿੱਚ ਵਿਵਹਾਰ ਦੇ ਸਹੀ ਮੂਲ ਪੈਦਾ ਕਰਨਾ।
7. ਫਾਇਦੇਮੰਦ ਗਤੀਵਿਧੀਆਂ ਲਈ ਉਤਸ਼ਾਹਿਤ ਕਰਨਾ।

**Spear ਅਤੇ Laurshe ਦੇ ਸਕੂਲ ਦਸਤਾਵੇਜ਼ ਦੇ ਫੰਕਸ਼ਨ :**

1. ਸਕੂਲ ਦੇ ਕੰਮ ਵਜੋਂ ਸਮਾਜ ਨੂੰ ਸਿੱਖਿਆ ਪ੍ਰਦਾਨ ਕਰਨਾ।
2. ਸਕੂਲ ਦੀਆਂ ਖ਼ਬਰਾਂ ਨੂੰ ਪ੍ਰਕਾਸ਼ਿਤ ਕਰਨਾ।
3. ਸਕੂਲ ਦੇ ਵਿਚਾਰਾਂ ਨੂੰ ਬਣਾਉਣਾ ਅਤੇ ਵਿਅਕਤ ਕਰਨਾ।
4. ਸਕੂਲ ਦੀਆਂ ਉਪਲਬਧੀਆਂ ਨੂੰ ਦਰਸਾਉਣਾ।
5. ਸਕੂਲ ਨੂੰ ਇੱਕਜੁੱਟ ਕਰਨ ਦੇ ਸਾਧਨ ਬਣਨ ਦਾ ਕੰਮ ਕਰਨਾ।
6. ਸਕੂਲ ਦੇ ਆਦਰਸ਼ਵਾਦ ਅਤੇ ਭਾਵਨਾ ਨੂੰ ਵਿਅਕਤ ਕਰਨਾ।
7. ਫਾਇੰਦੇਮੰਦ ਗਤੀਵਿਧੀਆਂ ਨੂੰ ਉਤਸ਼ਾਹਿਤ ਅਤੇ ਉਤੇਜਿਤ ਕਰਨਾ।
8. ਵਿਵਹਾਰ ਦੇ ਸਹੀ ਮੁੱਲ ਪੈਦਾ ਕਰਨ ਲਈ ਮੱਦਦ ਕਰਨਾ।
9. ਹੋਰ ਸਕੂਲਾਂ ਨਾਲ ਸਮਝ ਦਾ ਪ੍ਰਚਾਰ ਕਰਨਾ।
10. ਅੰਤਰ-ਸਕੂਲੀ ਸੰਬੰਧਾਂ ਨੂੰ ਵਿਕਸਿਤ ਕਰਨਾ।
11. ਸਕੂਲ ਦੇ ਚੰਗੇ ਲਈ ਵਿਦਿਆਰਥੀਆਂ ਦੇ ਸੁਝਾਵਾਂ ਦਾ ਨਿਕਾਸ ਕਰਨਾ।
12. ਸਕੂਲ ਦੀ ਭਾਵਨਾ ਨੂੰ ਵਧਾਉਣਾ।
13. ਮਾਤਾ-ਪਿਤਾ ਅਤੇ ਸਕੂਲ ਵਿਚਕਾਰ ਸਹਿਯੋਗ ਬਣਾਉਣਾ।

ਪੜ੍ਹਾਈ ਦੇ ਨਾਲ ਵਿਦਿਆਰਥੀਆਂ ਨੂੰ ਖੇਡਾਂ, ਕਲਾ, ਵਿਗਿਆਨ ਕਲੱਬਾਂ, ਨਾਟਕੀ ਅਤੇ ਹੋਰ ਗਤੀਵਿਧੀਆਂ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਸਕੂਲ ਦੇ ਸਾਲਾਂ ਨੂੰ ਰੌਚਕ ਅਤੇ ਯਾਦ ਰੱਖਣਯੋਗ

ਬਣਾਉਂਦਾ ਹੈ। ਇਸ ਨਾਲ ਦਿਮਾਗਮਈ ਗਤੀਵਿਧੀਆਂ ਜਿਵੇਂ ਬਹਿਸ, ਲੇਖ ਪ੍ਰਤੀਯੋਗਤਾ ਮਿਲਦੇ ਹਨ। ਲੇਖਨ ਸਿਰਫ ਅਨੁਭਵ ਤੋਂ ਨਹੀਂ ਆਉਂਦਾ। ਇਸ ਲਈ ਬਹੁਤ ਪੜ੍ਹਨ ਦੀ ਲੋੜ ਹੁੰਦੀ ਹੈ। ਦਿਮਾਗਮਈ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਂਦਾ ਹਨ। ਅਜਿਹੇ ਵਿਦਿਆਰਥੀਆਂ ਨੂੰ ਸਮੇਂ ਅਤੇ ਸਿੱਖਣ ਦੀ ਕਦਰ ਹੁੰਦੀ ਹੈ। ਉਹ ਆਪਣਾ ਸਮਾਂ ਫਾਲਤੂ ਗਤੀਵਿਧੀਆਂ ਲਈ ਖ਼ਰਾਬ ਨਹੀਂ ਕਰਦੇ। ਸਾਰੇ ਵਿਦਿਆਰਥੀ ਚੰਗੇ ਲੇਖਕ ਨਹੀਂ ਬਣ ਸਕਦੇ ਪਰ ਜਿਨ੍ਹਾਂ ਕੋਲ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਸ਼ਕਤੀ ਹੈ, ਉਸ ਸਕੂਲ ਮੈਗਜ਼ੀਨਾਂ ਲਈ ਵਿਚਾਰ ਵਿਅਕਤ ਕਰ ਸਕਦੇ ਹਨ। ਸਕੂਲ ਮੈਗਜ਼ੀਨ ਸਕੂਲ ਗਤੀਵਿਧੀਆਂ ਦੀ ਖਿੜਕੀ ਹੈ। ਜੇਕਰ ਅਧਿਆਪਕ ਵਲੋਂ ਸਹੀ ਕਦਮ ਚੁੱਕੇ ਜਾਣ ਤਾਂ ਸਕੂਲ ਮੈਗਜ਼ੀਨ ਦਾ ਸਤਰ ਉੱਚਾ ਚੁੱਕਿਆ ਜਾਵੇਗਾ। ਮਾਤਾ–ਪਿਤਾ ਵੀ ਸਕੂਲ ਦੇ ਮਾਮਲਿਆਂ ਵਿੱਚ ਹਿੱਸਾ ਲੈ ਸਕਦੇ ਹਨ। ਅੰਤਰ–ਜਮਾਤ ਅਤੇ ਅੰਤਰ ਸਕੂਲ ਪ੍ਰਤੀਯੋਗਤਾਵਾਂ ਵਿਦਿਆਰਥੀਆਂ ਲਈ ਚੰਗੇ ਪ੍ਰਕਾਸ਼ਿਤ ਲਈ ਮੱਦਦ ਕਰ ਸਕਦੀ ਹੈ। ਬਦਕਿਸਮਤੀ ਨਾਲ ਕੁਝ ਹੀ ਸਕੂਲ ਨੇ ਆਪਣੇ ਮੈਗਜ਼ੀਨ ਚੱਲਦੇ ਰੱਖਦੇ ਹਨ। ਸਾਰੇ ਸਕੂਲਾਂ ਨੂੰ ਸਕੂਲ ਮੈਗਜ਼ੀਨਾਂ ਦੀ ਭੂਮਿਕਾ ਦਾ ਵਿਦਿਆਰਥੀਆਂ ਦੇ ਹਿੱਤ ਲਈ ਧਿਆਨ ਰੱਖਣਾ ਚਾਹੀਦਾ ਹੈ। ਇਹ ਮਾਤਾ–ਪਿਤਾ ਅਤੇ ਵਿਦਿਆਰਥੀਆਂ ਦੇ ਵਿਚਕਾਰ ਦੀ ਮਹੱਤਵਪੂਰਨ ਕੜੀ ਹੈ ਜੋ ਕਿ ਵਿਦਿਆਰਥੀਆਂ ਵੱਲੋਂ ਹੈ।

ਅੰਤਰਰਾਸ਼ਟਰੀ ਅਤੇ ਅੰਤਰ–ਰਾਜ ਸੰਬੰਧਾਂ ਦਾ ਆਧਾਰ ਮੈਗਜ਼ੀਨਾਂ ਦੀ ਅਦਲਾ–ਬਦਲੀ ਕਰਨਾ ਹੋ ਸਕਦਾ ਹੈ। ਜਮਾਤ ਦੇ ਕੰਮ ਨੂੰ ਵੀ ਇਹ ਕਿਸੇ ਹੱਦ ਤੱਕ ਪੂਰਾ ਕਰਦੀ ਹੈ। ਸਕੂਲ ਮੈਗਜ਼ੀਨ ਦੁਆਰਾ ਵਿਦਿਆਰਥੀ ਆਪਣੇ ਵਿਚਾਰਾਂ ਨੂੰ ਪ੍ਰਭਾਵਸ਼ਾਲੀ, ਸਾਫ਼ ਅਤੇ ਛੋਟੇ ਰੂਪ ਵਿੱਚ ਲਿਖਣਾ ਸਿੱਖਦੇ ਹਨ। ਇਸ ਤਰ੍ਹਾਂ ਉਨ੍ਹਾਂ ਵਿੱਚ ਪੜ੍ਹਾਈ ਦੀਆਂ ਆਦਤਾਂ ਵਿਕਸਿਤ ਹੁੰਦੀਆਂ ਹਨ, ਕਿਉਂਕਿ ਉਹ ਸਕੂਲ ਮੈਗਜ਼ੀਨ ਵਿੱਚ ਲਿਖਣ ਲਈ ਬਹੁਤ ਕਿਤਾਬਾਂ, ਜਰਨਲਾਂ ਤੋਂ ਮੱਦਦ ਲੈਂਦੇ ਹਨ। ਇਹ ਸਕੂਲ ਨੂੰ ਪ੍ਰਚਾਰ ਦਿੰਦੀ ਹੈ।

### 2.1.5 ਸਕੂਲ ਮੈਗਜ਼ੀਨ ਦੀ ਮਹੱਤਤਾ :

ਸਕੂਲ ਮੈਗਜ਼ੀਨਾਂ ਬਹੁਤ ਮਹੱਤਵਪੂਰਨ ਹਨ, ਕਿਉਂਕਿ ਇਹ ਬਹੁਤ ਲਾਭਕਾਰੀ ਹਨ। ਇਨ੍ਹਾਂ ਲਾਭਾਂ ਵਿੱਚ ਕੁਝ ਲਾਭ ਹੇਠਾਂ ਲਿਖੇ ਹਨ :

1. ਇਸਦੀ ਸਿੱਖਿਅਕ ਤੌਰ ’ਤੇ ਬਹੁਤ ਕਦਰ ਹੈ। ਇਹ ਵਿਦਿਆਰਥੀਆਂ ਨੂੰ ਸੋਚਣ ਅਤੇ ਲਿਖਣ ਲਈ ਉਤਸ਼ਾਹਿਤ ਕਰਦੀਆਂ ਹਨ ਤਾਂ ਕਿ ਉਹ ਆਪਣੇ ਲੇਖਨ ਕੌਸ਼ਲ ਦਾ ਵਿਕਾਸ ਕਰ ਸਕਣ।
2. ਇਹ ਮੈਗਜ਼ੀਨਾਂ ਪੁਰਾਣੇ ਵਿਦਿਆਰਥੀਆਂ ਅਤੇ ਮੈਂਬਰਾਂ ਨੂੰ ਨੇੜੇ ਲਿਆਉਣ ਦਾ ਸਾਧਨ ਹਨ।
3. ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹ ਕੇ ਉਨ੍ਹਾਂ ਤੋਂ ਗਿਆਨ ਲੈਣਾ ਸਿਖਾਇਆ ਜਾਂਦਾ ਹੈ। ਪਰ ਸਿੱਖਿਆ ਲਈ ਸਿਰਫ਼ ਪੜ੍ਹਨਾ ਕਾਫੀ ਨਹੀਂ ਹੈ। ਇਸ ਲਈ ਵਿਦਿਆਰਥੀਆ ਨੂੰ ਲਿਖਣਾ ਅਤੇ ਆਪਣੇ ਵਿਚਾਰਾਂ ਨੂੰ ਵੱਖ–ਵੱਖ ਭਾਸ਼ਾਵਾਂ ਵਿੱਚ ਚੰਗੇ ਤਰੀਕੇ ਨਾਲ ਵਿਅਕਤ ਕਰਨਾ ਸਿਖਾਇਆ ਜਾਂਦਾ ਹੈ।
4. ਵਿਗਿਆਨਕ ਨਿਬੰਧ ਅਤੇ ਸਾਹਿਤ ਤੋਂ ਬਿਨ੍ਹਾਂ ਮੈਗਜ਼ੀਨਾਂ ਵਿੱਚ ਵਿਦਿਆਰਥੀਆਂ ਦੇ ਵੱਖ–ਵੱਖ ਖੇਤਰਾਂ ਵਿੱਚ ਕੰਮ ਦੀ ਜਾਣਕਾਰੀ ਵੀ ਹੁੰਦੀ ਹੈ। ਮੈਗਜ਼ੀਨਾਂ ਵਿਦਿਆਰਥੀਆਂ ਦੀਆਂ ਸਫ਼ਲਤਾਵਾਂ ਨੂੰ ਸੰਭਾਲ ਕੇ ਰੱਖਦੀਆਂ ਹਨ ਅਤੇ ਉਨ੍ਹਾਂ ਨੂੰ ਮਿਹਨਤ ਲਈ ਸ਼ੁੱਭਕਾਮਨਾਵਾਂ ਵੀ ਦਿੰਦੀਆਂ ਹਨ।

5. ਇਨ੍ਹਾਂ ਵਿੱਚ ਖੇਡਾਂ ਦੇ ਆਯੋਜਨ ਦੀ ਜਾਣਕਾਰੀ ਵੀ ਹੁੰਦੀ ਹੈ। ਕਦੇ-ਕਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰ ਦੇ ਪੈਰ੍ਹੇ ਵੀ ਪ੍ਰਕਾਸ਼ਿਤ ਹੁੰਦੇ ਹਨ। ਇਸ ਤਰ੍ਹਾਂ ਸਕੂਲ ਅਤੇ ਕਾਲਜ ਮੈਗਜ਼ੀਨ ਸਕੂਲ ਅਤੇ ਕਾਲਜ ਦੀਆ ਗਤੀਵਿਧੀਆਂ ਨੂੰ ਉਭਾਰ ਕੇ ਦਰਸਾਉਂਦੀਆਂ ਹਨ।
6. ਸਕੂਲ ਮੈਗਜ਼ੀਨ ਵਿਦਿਆਰਥੀਆਂ ਦੀ ਸੋਚਣ ਸ਼ਕਤੀ ਨੂੰ ਅਤੇ ਕਲਪਨਾ ਸ਼ਕਤੀ ਨੂੰ ਵਧਾਉਂਦੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦੇ ਸਧਾਰਨ ਗਿਆਨ ਅਤੇ ਪੜ੍ਹਨ ਅਤੇ ਲਿਖਣ ਸ਼ਕਤੀ ਵਿੱਚ ਵਾਧਾ ਹੁੰਦਾ ਹੈ।
7. ਸਕੂਲ ਮੈਗਜ਼ੀਨ ਇੱਕ ਟੀਮ ਦਾ ਕੰਮ ਹੈ ਜਿਸ ਵਿੱਚ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਸਕੂਲ ਅਤੇ ਕਾਲਜ ਮੈਗਜ਼ੀਨ ਵਿਦਿਆਰਥੀਆਂ ਨੂੰ ਸਹਿਯੋਗ ਅਤੇ ਚੰਗੀ ਪ੍ਰਤੀਯੋਗਤਾ ਲਈ ਉਤਸ਼ਾਹਿਤ ਕਰਦੀ ਹੈ।
8. ਇਹ ਵਿਦਿਆਰਥੀਆਂ ਲਈ ਸਵੈ-ਮਦਦ ਅਤੇ ਸਵੈ-ਵਿਸ਼ਵਾਸ਼ ਦਾ ਸਾਧਨ ਹਨ।
9. ਵਿਦਿਆਰਥੀ ਆਨੰਦ ਮਹਿਸੂਸ ਕਰਦੇ ਹਨ ਜਦੋਂ ਉਹ ਆਪਣਾ ਨਾਮ ਸਕੂਲ, ਕਲਾਸ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੋਇਆ ਦੇਖਦੇ ਹਨ।
10. ਸਕੂਲ ਤੇ ਕਾਲਜ ਮੈਗਜ਼ੀਨ ਪੁਰਾਣੇ ਵਿਦਿਆਰਥੀਆਂ ਲਈ ਵੀ ਰੌਚਕ ਹੁੰਦੀਆਂ ਹਨ। ਉਹ ਆਪਣੇ ਪੁਰਾਣੇ ਦਿਨਾਂ ਦੇ ਨਿਬੰਧ ਪੜ੍ਹਕੇ ਆਪਣੀਆਂ ਯਾਦਾਂ ਨੂੰ ਤਾਜ਼ੀਆਂ ਕਰਦੇ ਹਨ। ਇਹ ਪੁਰਾਣੇ ਵਿਦਿਆਰਥੀਆਂ ਅਤੇ ਸਕੂਲ ਦੇ ਹੋਰ ਮੈਂਬਰਾਂ ਨੂੰ ਇੱਕ ਦੂਜੇ ਨਾਲ ਸੰਬੰਧਿਤ ਰੱਖਣ ਦਾ ਸਾਧਨ ਹੈ।

2.1.6 **ਸਕੂਲ ਮੈਗਜ਼ੀਨ ਦਾ ਖ਼ਾਕਾ (Lay out) :**

**ਲੇ ਆਉਟ ਦਾ ਅਰਥ** : ਲੇ ਆਉਟ ਇੱਕ ਵਸਤੂ ਦਾ ਪ੍ਰਬੰਧ ਕਰਨਾ ਜਾਂ ਪਲੈਨ ਜਾਂ ਡਿਜ਼ਾਇਨ ਕਰਨ ਦਾ ਤਰੀਕਾ ਹੈ। ਇਸਨੂੰ ਪਲੈਨਿੰਗ ਦੀ ਪ੍ਰਕਿਰਿਆ ਜਾਂ ਕਿਸੇ ਵਸਤੂ ਦਾ ਵਿਸਤਾਰਿਤ ਖਾਕਾ ਤਿਆਰ ਕਰਨਾ ਵੀ ਕਿਹਾ ਜਾਂਦਾ ਹੈ। ਲੇਆਉਟ ਦਾ ਮਤਲਬ ਹੈ ਪ੍ਰਬੰਧ ਜਾਂ ਪਲਾਨ, ਖਾਸ ਤੌਰ 'ਤੇ ਕਿਸੇ ਯੋਜਨਾਬੰਧ ਤਰੀਕੇ ਨਾਲ ਹਿੱਸਿਆਂ ਜਾਂ ਇਲਾਕਿਆਂ ਦਾ ਖਾਕਾ ਤਿਆਰ ਕਰਨਾ।

**ਮੈਗਜ਼ੀਨ ਦਾ ਲੇਆਉਟ** :

ਮੈਗਜ਼ੀਨ ਦੇ ਸੰਦਰਭ ਵਿੱਚ, ਲੇਆਉਟ ਮੈਗਜ਼ੀਨ ਦੀ ਇੱਕ ਮਾਸਟਰ ਪਲਾਨ ਜਾਂ ਅੰਤਿਮ ਰੂਪ ਰੇਖਾ ਹੈ। ਇਹ ਮੈਗਜ਼ੀਨ ਇਸਦੇ ਵੱਖ-ਵੱਖ ਤੱਥਾਂ ਦਾ ਪ੍ਰਬੰਧ ਕਰਦੀ ਹੈ ਜਿਵੇਂ ਬਾਡੀ, ਕਾਪੀ, ਪੇਜ਼ ਦੀ ਜਾਣਕਾਰੀ ਅਤੇ ਸਾਰੀ ਮੈਗਜ਼ੀਨ ਦੀ ਅੰਤਿਮ ਰੂਪ ਰੇਖਾ ਹੈ। ਅਜਿਹਾ ਕਿਹਾ ਜਾ ਸਕਦਾ ਹੈ ਕਿ ਲੇਆਉਟ ਸਾਰੀ ਮੈਗਜ਼ੀਨ ਦਾ ਢਾਂਚਾ ਦੱਸਦਾ ਹੈ।

(ੳ) **ਮੈਗਜ਼ੀਨ ਦੀ ਨਿਰਮਾਣ : ਇਸਦੇ 4 ਭਾਗ ਹਨ:**

1. **ਕਵਰ ਪੇਜ਼** : ਪਹਿਲਾ ਕਵਰ, ਕਵਰ ਪੇਜ਼ ਲਈ ਰੱਖਿਆ ਹੁੰਦਾ ਹੈ। ਦੂਜਾ ਅਤੇ ਤੀਜਾ ਇਸ਼ਤਿਹਾਰਾਂ ਲਈ ਹੁੰਦਾ ਹੈ। ਆਖਰੀ ਕਵਰ ਪੇਜ਼ ਸਭ ਤੋਂ ਆਖੀਰ ਦੇ ਵਿੱਚ ਹੁੰਦਾ ਹੈ ਅਤੇ ਸਭ ਤੋਂ ਮਹਿੰਗਾ ਇਸ਼ਤਿਹਾਰ ਵਾਲਾ ਪੰਨਾ ਹੈ।

(ਅ) **ਕਿਤਾਬ ਦੇ ਅੱਗੇ** : ਇਸ ਹਿੱਸੇ ਵਿੱਚ ਕਾਫੀ ਅਗਲੇ ਸਫ਼ੇ ਹੁੰਦੇ ਹਨ।

1. **ਵਿਸ਼ਾ ਵਸਤੂ ਦੀ ਸਾਰਨੀ** : ਇਹ ਮੈਗਜ਼ੀਨ ਦਾ ਹਮੇਸ਼ਾਂ ਪਹਿਲਾ ਪੰਨਾ ਹੁੰਦਾ ਹੈ। ਵਿਸ਼ਾ ਵਸਤੂ ਦੀ ਸਾਰਣੀ ਇੱਕ ਪੰਨੇ, ਦੋ ਪੰਨੇ ਪੂਰੇ 'ਤੇ ਜਾਂ ਦੋ ਪੰਨਿਆਂ ਤੇ ਇਸ਼ਤਿਹਾਰਾਂ ਨਾਲ ਹੁੰਦੀ ਹੈ। ਇਸ਼ਤਿਹਾਰ ਵਾਲਾ ਪੰਨਾ

ਹਮੇਸ਼ਾਂ ਸੱਜੇ ਹੱਥ ਹੁੰਦਾ ਹੈ। ਇਸ਼ਤਿਹਾਰ ਸੱਜੇ ਹੱਥ ਤੇ ਹੁੰਦਾ ਹੈ ਕਿਉਂਕਿ ਉਹ ਖੱਬੇ ਪਾਸੇ ਨਾਲੋਂ ਸੱਜੇ ਪਾਸੇ ਜ਼ਿਆਦਾ ਦਿਖਾਈ ਦਿੰਦਾ ਹੈ। ਵਿਸ਼ਾ ਵਸਤੂ ਸਾਰਨੀ, ਤਸਵੀਰਾਂ ਦੇ ਨਾਲ ਜਾਂ ਉਨ੍ਹਾਂ ਤੋਂ ਬਿਨਾਂ ਵੀ ਹੋ ਸਕਦੀ ਹੈ, ਪਰ ਭਿੰਨ-ਭਿੰਨ ਵਿਸ਼ਾ-ਵਸਤੂ ਸਾਰਨੀ ਤੱਥ ਵੀ ਜ਼ਰੂਰੀ ਹਨ ਤਾਂ ਕਿ ਪਾਠਕ ਨੂੰ ਪਤਾ ਲੱਗ ਸਕੇ ਕਿ ਪੰਨਾ ਨੰਬਰ ਕੀ ਹੈ ਅਤੇ ਵਿਸ਼ੇ ਦੀ ਮੁੱਖ ਲਾਈਨ ਕੀ ਹੈ।

2. **Impressum :** ਇਹ ਉਹ ਭਾਗ ਹੈ ਮੈਗਜ਼ੀਨ ਦਾ ਜੋ ਕਿ ਕਿਤਾਬ ਦੇ ਅੱਗੇ ਹੁੰਦਾ ਹੈ, ਪਰ ਕਈ ਮੈਗਜ਼ੀਨਾਂ ਇਸ ਨੂੰ ਆਖੀਰ ਵਿੱਚ ਵੀ ਪਾ ਦਿੰਦੀਆਂ ਹਨ। Impressum ਜਾਂ Masthead ਉਨ੍ਹਾਂ ਵਿਅਕਤੀਆਂ ਦੀ ਸੂਚੀ ਹੈ ਜੋ ਮੈਗਜ਼ੀਨ ਲਈ ਕੰਮ ਕਰਦੇ ਹਨ। ਇਸ ਵਿੱਚ ਸੰਪਾਦਕੀ ਸਟਾਫ਼ ਤੋਂ ਲੈ ਕੇ ਪ੍ਰਕਾਸ਼ਿਤ ਕਰਨ ਵਾਲੇ ਵਿਅਕਤੀ ਤੱਕ ਹਨ। ਇਸ ਪੇਜ ਦਾ ਡਿਜ਼ਾਇਨ ਸੁੰਦਰ, ਸਿੱਧਾ ਅਤੇ ਸਾਫ਼ ਹੁੰਦਾ ਹੈ। ਮੈਗਜ਼ੀਨ Mastead (ਲੋਗੋ) ਆਮ ਤੌਰ 'ਤੇ ਪੰਨੇ ਦੇ ਬਿਲਕੁੱਲ ਉੱਪਰ ਹੁੰਦਾ ਹੈ।

3. **ਸੰਪਾਦਕ ਦੀ ਚਿੱਠੀ** : ਇਹ ਮੈਗਜ਼ੀਨ ਦਾ ਪਹਿਲਾ ਸੰਪਾਦਕੀ ਪੰਨਾ ਹੈ। ਇਹ ਇੱਕ ਸੰਪਾਦਕ ਵੱਲੋਂ ਸਵਾਗਤਮ ਪੱਤਰ ਹੁੰਦਾ ਹੈ ਜਿਸ ਵਿੱਚ ਉਸਨੇ ਮੈਗਜ਼ੀਨ ਦੇ ਵਿਸ਼ਾ ਵਸਤੂਆਂ ਦੀ ਵਿਆਖਿਆ ਕੀਤੀ ਹੁੰਦੀ ਹੈ। ਬੇਸ਼ੱਕ ਇਹ ਪਬਲੀਕੇਸ਼ਨ ਹਾਊਸ ਉੱਤੇ ਨਿਰਭਰ ਕਰਦਾ ਹੈ, ਪਰ ਨਾਲ ਹੀ ਇਹ ਸਾਰੇ ਮੈਗਜ਼ੀਨ ਦੇ ਵਿਸ਼ਾ ਵਸਤੂ ਨੂੰ ਪੂਰਾ ਕਰਦਾ ਹੈ। ਇਸ ਵਿੱਚ ਵਿਸ਼ੇ ਨਾਲ ਸੰਬੰਧਿਤ ਵਿਚਾਰ ਵੀ ਹੋ ਸਕਦੇ ਹਨ।

4. **ਕਿਤਾਬ ਦੇ ਅਗਲੇ ਹੋਰ ਮੁੱਖ ਪੰਨੇ** : ਮੈਗਜ਼ੀਨ ਇੱਕ ਛੋਟੇ ਪੰਨੇ ਦੇ ਵਿਸ਼ੇ ਨਾਲ ਸ਼ੁਰੂ ਹੋਣੀ ਚਾਹੀਦੀ ਹੈ। ਮੈਗਜ਼ੀਨ ਦੁਆਰਾ ਕਵਰ ਕੀਤੇ ਵਿਸ਼ਿਆਂ ਦੇ ਆਧਾਰ 'ਤੇ ਇਨ੍ਹਾਂ ਪੇਜ਼ਾਂ ਵਿੱਚ ਖ਼ਬਰਾਂ, ਸਮਾਜਿਕ ਵਿਸ਼ੇ, ਸਭਿਆਚਾਰ, ਕਲਾਵਾਂ, ਘਟਨਾਵਾਂ ਹੋ ਸਕਦੇ ਹਨ ਜਾਂ ਇੱਕ ਛੋਟੇ ਪੰਨੇ ਦਾ ਇੰਟਰਵਿਊ ਜਾਂ ਵਿਚਾਰ ਵੀ ਹੋ ਸਕਦੇ ਹਨ। ਇਨ੍ਹਾਂ ਪੰਨਿਆਂ ਦਾ ਇੱਕ ਸਮਾਨ, ਮਾਨਕੀ ਰੂਪ ਹੁੰਦਾ ਹੈ ਜੋ ਕਿ ਇੱਕ ਸੰਸਕਰਣ ਤੋਂ ਦੂਜੇ ਸੰਸਕਰਣ ਵਿੱਚ ਅਲੱਗ ਹੋ ਸਕਦਾ ਹੈ। ਸਾਰਾ ਕੁਝ ਆਪਣੀ ਸਹੀ ਜਗ੍ਹਾਂ ਤੇ ਹੁੰਦਾ ਹੈ ਅਤੇ ਸਖ਼ਤ ਬਣਤਰ ਨੂੰ ਮੰਨਿਆ ਜਾਂਦਾ ਹੈ। ਪਾਠਕਾਂ ਦੀ ਚਿੱਠੀਆਂ ਕਿਤਾਬ ਦੇ ਅਗਲੇ ਪੰਨਿਆਂ ਤੇ ਸੰਪਾਦਕ ਦੀ ਚਿੱਠੀ ਦੇ ਪਿੱਛੇ ਹੁੰਦੀਆਂ ਹਨ।

(ੲ) **Feature Well (ਵਿਸ਼ੇਸ਼ ਗੁਣ ਦਾ ਖੂਹ)** : ਇਹ ਮੈਗਜ਼ੀਨ ਦਾ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ। ਇਸ ਵਿੱਚ ਵਿਸ਼ੇਸ਼ ਗੁਣ ਹੁੰਦੇ ਹਨ। ਇਹ ਨਿਬੰਧ ਛੋਟੇ, ਕੁਝ ਸਫ਼ਿਆਂ ਵਾਲੇ ਅਤੇ ਕੁਝ ਵੱਡੇ ਵੀ ਹੋ ਸਕਦੇ ਹਨ। ਜਦੋਂ ਮੈਗਜ਼ੀਨ ਦਾ ਪ੍ਰਬੰਧਨ ਕਰਦੇ ਹਾਂ ਤਾਂ ਛੋਟੇ ਅਤੇ ਵੱਡੇ ਨਿਬੰਧ ਅਦਲ-ਬਦਲ ਨਾਲ ਦਿੱਤੇ ਜਾਂਦੇ ਹਨ। ਰੂਪ ਦੇ ਸੰਬੰਧਿਤ ਇਸ ਵਿੱਚ ਬਹੁਤ ਆਜ਼ਾਦੀ ਹੁੰਦੀ ਹੈ, ਭਾਵੇਂ ਪ੍ਰਕਾਸ਼ਨ ਦੇ ਕੁਝ ਤਰੀਕੇ ਵੀ ਅਪਣਾਏ ਜਾਂਦੇ ਹਨ। ਹਰ ਗੁਣ ਦਿੱਖ ਫੀਚਰ ਇੱਕ ਦੂਜੇ ਤੋਂ ਵੱਖ ਨਜ਼ਰ ਆਉਣਾ ਚਾਹੀਦਾ ਹੈ, ਕਿਉਂਕਿ ਪਾਠਕ ਘਬਰਾ ਜਾਂਦਾ ਹੈ ਕਿ ਇੱਕ ਫੀਚਰ ਕਿੱਥੇ ਖ਼ਤਮ ਹੁੰਦਾ ਹੈ ਤੇ ਕਿੱਥੋਂ ਸ਼ੁਰੂ ਹੁੰਦਾ ਹੈ। ਵੱਖ-ਵੱਖ ਰੰਗਾਂ ਦੀ ਵਰਤੋਂ ਇਸ ਵਿੱਚ ਮੱਦਦ ਕਰਦੀ ਹੈ।

(ਸ) **ਕਿਤਾਬ ਦਾ ਪਿਛਲਾ ਹਿੱਸਾ** : ਇਸ ਹਿੱਸੇ ਵਿੱਚ ਮੈਗਜ਼ੀਨ ਦੇ ਰਹਿ ਗਏ ਵਿਸ਼ਾ ਵਸਤੂ ਹੁੰਦੇ ਹਨ ਜੋ ਕਿ ਅੱਗੇ ਵੀ ਹੁੰਦੇ ਹਨ ਜਿਵੇਂ ਛੋਟੇ ਨਿਬੰਧ, ਖ਼ਬਰਾਂ, ਸੂਚੀਆਂ, ਭਵਿੱਖਫਲ ਅਤੇ ਹੋਰ। ਹਾਲਾਂਕਿ ਕਿਤਾਬ ਦੇ ਪਿੱਛੇ ਨਾਲੋਂ ਅੱਗੇ ਦੀ ਜ਼ਿਆਦਾ ਅਹਿਮੀਅਤ ਹੁੰਦੀ ਹੈ, ਖਾਸ ਕਰਕੇ ਇਸ਼ਤਿਹਾਰਾਂ ਦੇ ਪੱਖ ਤੋਂ, ਪਰ

ਸੰਪਾਦਕ ਨੂੰ ਇੱਥੇ ਘੱਟ ਰੌਚਕ ਤੱਥ ਨਹੀਂ ਪਾਉਣੇ ਚਾਹੀਦੇ। ਇਹ ਹਿੱਸਾ ਵੀ ਚੰਗੀ ਜਾਣਕਾਰੀ ਨਾਲ ਭਰਿਆ ਹੋਣਾ ਚਾਹੀਦਾ ਹੈ।

**ਮੈਗਜ਼ੀਨ ਵਿੱਚ ਲਿਖਤਾਂ ਲਿਖਣ ਦੇ ਤਰੀਕੇ** : ਹੇਠ ਲਿਖੇ ਅੰਸ਼ਾਂ ਨੂੰ ਦਿਮਾਗ ਵਿੱਚ ਰੱਖਦੇ ਹੋਏ ਲਿਖਤਾਂ ਲਿਖਣੀਆਂ ਚਾਹੀਦੀਆਂ ਹਨ।

(i) ਲਿਖਤਾਂ ਹਮੇਸ਼ਾਂ ਪਾਠਕਾਂ ਦੇ ਪੱਖ ਤੋਂ ਲਿਖੇ ਜਾਣੇ ਚਾਹੀਦੇ ਹਨ।

(ii) ਲਿਖਤਾਂ ਵਿੱਚ ਆਪਣੇ ਵਿਚਾਰਾਂ ਪ੍ਰਤੀ ਉਤਸ਼ਾਹਪੂਰਕ ਅਤੇ ਯਕੀਨੀ ਹੋਣਾ ਚਾਹੀਦਾ ਹੈ।

(iii) ਲਿਖਤਾਂ ਦੀ ਬਣਤਰ ਹਮੇਸ਼ਾਂ ਨਾਮ, ਭੂਮਿਕਾ, ਢਾਂਚਾ ਅਤੇ ਅੰਤ ਹੋਣੀ ਚਾਹੀਦੀ ਹੈ।

(iv) ਭਾਸ਼ਾ ਦਾ ਸਤਰ ਵਿਸ਼ੇ ਦੀ ਗੰਭੀਰਤਾ ਦੇ ਮੁਤਾਬਿਕ ਹੋਣਾ ਚਾਹੀਦਾ ਹੈ।

(ਹ) **ਸਕੂਲ ਮੈਗਜ਼ੀਨ ਦੀ ਵਿਵਸਥਾ** :

1. ਲਿਖਤਾਂ ਦੀ ਚੋਣ ਬੜੀ ਸਮਝਦਾਰੀ ਨਾਲ ਸੰਪਾਦਕੀ ਬੋਰਡ ਦੁਆਰਾ ਹੋਣੀ ਚਾਹੀਦੀ ਹੈ। ਚੋਣ ਦੇ ਸਮੇਂ ਸੰਪਾਦਕੀ ਬੋਰਡ ਨੂੰ ਪੂਰੇ ਧਿਆਨ ਨਾਲ ਸਿਰਫ਼ ਸਹੀ ਲੇਖ ਚੁਣਨਾ ਚਾਹੀਦਾ ਹੈ। ਸੰਪਾਦਕੀ ਬੋਰਡ ਨੂੰ ਕੁਝ ਜ਼ਰੂਰੀ ਸੁਧਾਰ ਕਰਨੇ ਚਾਹੀਦੇ ਹਨ ਜਿਵੇਂ– ਭਾਸ਼ਾ ਵਿੱਚ ਸੁਧਾਰ, ਤਰੀਕੇ ਵਿੱਚ ਸੁਧਾਰ ਆਦਿ।
2. ਮੈਗਜ਼ੀਨ ਆਕਰਸ਼ਕ ਤਰੀਕੇ ਨਾਲ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ।
3. ਸਾਰੇ ਵਿਦਿਆਰਥੀਆਂ ਨੂੰ ਮੈਗਜ਼ੀਨ ਦਿਵਾਉਣ ਦੇ ਪ੍ਰਯਤਨ ਕਰਨੇ ਚਾਹੀਦੇ ਹਨ। ਅਤੇ ਉਹ ਵੀ ਨਾਮਾਤਰ ਮੁੱਲ ’ਤੇ ਮਿਲਣੀ ਚਾਹੀਦੀ ਹੈ।
4. ਮੈਗਜ਼ੀਨ ਦੀਆਂ ਕਾਪੀਆਂ ਹੋਰ ਸਕੂਲਾਂ ਨੂੰ ਵੀ ਭੇਜੀਆਂ ਜਾਣੀਆਂ ਚਾਹੀਦੀਆਂ ਹਨ।
5. ਮੈਗਜ਼ੀਨ ਉਨ੍ਹਾਂ ਸਾਰੇ ਪ੍ਰਮੁੱਖ ਵਿਅਕਤੀਆਂ ਕੋਲ ਵੀ ਭੇਜੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੂੰ ਸਕੂਲ ਗਤੀਵਿਧੀਆਂ ਵਿੱਚ ਰੁਚੀ ਹੋਵੇ।
6. ਸਾਰੀਆਂ ਪੁਰਾਣੀਆਂ ਮੈਗਜ਼ੀਨਾਂ ਦੀਆਂ ਕਾਪੀਆਂ ਸਕੂਲ ਵਿੱਚ ਉਪਲਬੱਧ ਹੋਣੀਆਂ ਚਾਹੀਦੀਆਂ ਹਨ।
7. ਸਮਰੱਥ ਸੰਪਾਦਕੀ ਬੋਰਡ ਨੂੰ ਚੁਣਨ ਲਈ ਪ੍ਰਯਤਨ ਕੋਸ਼ਿਸ਼ ਹੋਣੀ ਚਾਹੀਦੀ ਹੈ।
8. ਸਾਰੀਆਂ ਜ਼ਰੂਰੀ ਉਪਚਾਰਿਕਤਾਵਾਂ ਜਿਵੇਂ ਮੈਗਜ਼ੀਨ ਦੀ ਰਜਿਸਟ੍ਰੇਸ਼ਨ ਰਜਿਸਟਰਾਰ ਦੇ ਨਾਲ ਸਮੇਂ ਸਿਰ ਹੋਣਾ ਆਦਿ ਹੋਣੀਆਂ ਚਾਹੀਦੀਆਂ ਹਨ।
9. ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਲਿਖਤਾਂ ਲਈ ਸੂਚਨਾ ਪਹਿਲਾ ਅਤੇ ਚੰਗੀ ਤਰ੍ਹਾਂ ਫੈਲਾਉਣੀ ਚਾਹੀਦੀ ਹੈ।
10. ਕੁਝ ਲਿਖਤਾਂ ਕੰਧ ਮੈਗਜ਼ੀਨ ਤੋਂ ਵੀ ਪ੍ਰਕਾਸ਼ਿਤ ਕਰ ਲੈਣੀਆਂ ਚਾਹੀਦੀਆਂ ਹਨ।
11. ਸਕੂਲ ਮੈਗਜ਼ੀਨ ਦੇ ਪ੍ਰਕਾਸ਼ਨ ਵਿੱਚ ਵਿਦਿਆਰਥੀਆਂ ਦੇ ਵੱਧ ਤੋਂ ਵੱਧ ਹਿੱਸੇ ਲਈ ਅਧਿਆਪਕਾਂ ਵਲੋਂ ਪ੍ਰਯਤਨ ਹੋਣੇ ਚਾਹੀਦੇ ਹਨ।

### 2.1.7 ਪਾਠ ਦਾ ਸਾਰ

ਸਕੂਲ ਮੈਗਜ਼ੀਨ ਇੱਕ ਜ਼ਰੂਰੀ ਪ੍ਰਕਾਸ਼ਨ ਹੈ, ਜੋ ਕਿ ਵਿਦਿਆਰਥੀਆਂ ਦੀਆਂ ਭਾਵਨਾਵਾਂ, ਵਿਚਾਰਾਂ ਅਤੇ ਸਿਰਜਨਾਤਮਕ ਹੁਨਰਾਂ ਦਾ ਨਿਕਾਸ ਕਰਦੀ ਹੈ। ਇਹ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚਨਾਵਾਂ ਦਰਸ਼ਾ ਕੇ ਪ੍ਰੇਰਿਤ ਕਰਦੀ ਹੈ। ਇਹ ਵਿਦਿਆਰਥੀਆਂ, ਸਟਾਫ਼, ਮਾਤਾ-ਪਿਤਾ ਅਤੇ ਸਮਾਜ ਲਈ ਬਹੁਤ ਜ਼ਰੂਰੀ ਹੈ। ਹਰੇਕ ਮੈਗਜ਼ੀਨ ਦਾ

ਲੇਆਉਟ ਜਾਂ ਖਾਕਾ ਹੁੰਦਾ ਹੈ, ਜਿਸ ਵਿੱਚ ਕਵਰ ਪੇਜ਼, ਕਿਤਾਬ ਦੇ ਅਗਲੇ ਪੰਨੇ ਲਿਖਤਾਂ, ਗੁਣ ਖ਼ੂਹ ਅਤੇ ਕਿਤਾਬ ਦੇ ਪਿਛਲੇ ਪੰਨੇ ਹੁੰਦੇ ਹਨ। ਮੈਗਜ਼ੀਨ ਦੀ ਚੋਣ, ਵਿਵਸਥਾ ਅਤੇ ਪ੍ਰਦਰਸ਼ਤਾ 'ਤੇ ਬਹੁਤ ਧਿਆਨ ਦੇਣਾ ਪੈਂਦਾ ਹੈ ਤਾਂ ਕਿ ਇੱਕ ਚੰਗੀ ਮੈਗਜ਼ੀਨ ਦਾ ਨਿਰਮਾਣ ਹੋ ਸਕੇ। ਹਰ ਇੱਕ ਮੈਗਜ਼ੀਨ ਅਜਿਹੇ ਢੰਗ ਨਾਲ ਬਣੀ ਚਾਹੀਦੀ ਹੈ ਤਾਂ ਜੋ ਇਹ ਪਾਠਕਾਂ ਨੂੰ ਆਕਰਸ਼ਿਤ ਕਰ ਸਕੇ ਅਤੇ ਉਨ੍ਹਾਂ ਨੂੰ ਇਸਦੀ ਸਮਝ ਆ ਸਕੇ।

**2.1.8 ਪ੍ਰਸ਼ਨ– ਸੁਝਾਅ :**

1. ਸਕੂਲ ਮੈਗਜ਼ੀਨ ਕੀ ਹੈ? ਇਸਦੇ ਕੀ ਉਦੇਸ਼ ਹਨ?
2. ਸਕੂਲ ਮੈਗਜ਼ੀਨ ਦੀ ਮਹੱਤਤਾ ਲਿਖੋ। ਇਸ ਵਿੱਚ ਕਿਹੋ ਜਿਹਾ ਵਿਸ਼ਾ ਵਸਤੂ ਹੋਣਾ ਚਾਹੀਦਾ ਹੈ?
3. ਮੈਗਜ਼ੀਨ ਦੇ ਲੇਆਉਟ ਤੋਂ ਕੀ ਭਾਵ ਹੈ? ਮੈਗਜ਼ੀਨ ਦੇ ਲੇਆਉਟ ਨੂੰ ਵਿਆਖਿਆ ਸਾਹਿਤ ਸਮਝਾਓ।
4. ਚੰਗੀ ਮੈਗਜ਼ੀਨ ਬਣਾਉਣ ਲਈ ਕਿਹੜੇ ਅੰਸ਼ ਧਿਆਨ ਵਿੱਚ ਰੱਖਣੇ ਚਾਹੀਦੇ ਹਨ?

**2.1.9 ਸੁਝਾਈ ਪੜ੍ਹਨ ਸਮੱਗਰੀ ਅਤੇ ਵੈੱਬ ਸਾਧਨ :**

1. ਅਗਰਵਾਲ, ਜੇ. ਸੀ. (2003), "ਟੀਚਿੰਗ ਆਫ਼ ਕਾਮਰਸ : ਏ ਪ੍ਰੈਕਟੀਕਲ ਅਪਰੋਚ", ਵਿਕਾਸ ਪਬਲੀਸ਼ਿੰਗ ਹਾਊਸ, ਪ੍ਰਾਈਵੇਟ ਲਿਮਟਿਡ, ਨੋਇਡਾ, ਉੱਤਰ ਪ੍ਰਦੇਸ਼।
2. ਨੰਦਰਾ, ਆਈ. ਡੀ. ਐੱਸ. (2017), "ਭਾਸ਼ਾਈ ਕੁਸ਼ਲਤਾ ਦਾ ਵਿਕਾਸ", ਟੰਵੇਟੀ ਫਸਟ ਸੈਂਚੁਰੀ ਪਬਲੀਕੇਸ਼ਲਜ਼, ਪਟਿਆਲਾ, ਪੰਜਾਬ।

http://www.preservearticles.com/2012032829161/what-are-the-main-objectives-of-a-school-magazine.html

http://www.merinews.com/article/importance-of-school-and-college-magazines/15710541.shtml

http://www.indiastudychannel.com/resources/146098-Importance-school-college-magazine.aspx

http://www.publishyourarticles.net/knowledge-hub/essay/importance-of-school-magazine-and-its-uses/5430/

http://www.shareyouressays.com/2984/260-words-essay-on-importance-of-school-magazine

https://en.wikipedia.org/wiki/Page_layout

http://www.magazinedesigning.com/structure-of-the-magazine/

**ਪਾਠ ਨੰਬਰ –2.2** **ਲੇਖਕ – ਡਾ. ਮੰਜੂ ਸੂਦ**

## ਸਿਰਲੇਖ– ਕੰਧ ਮੈਗਜ਼ੀਨ– ਉਦੇਸ਼, ਮਹੱਤਤਾ ਅਤੇ ਤਿਆਰੀ

**ਪਾਠ ਦੀ ਸੰਰਚਨਾ**

2.2.1 ਪਾਠ ਦੇ ਉਦੇਸ਼
2.2.2 ਪਾਠ ਦੀ ਭੂਮਿਕਾ
2.2.3 ਕੰਧ ਮੈਗਜ਼ੀਨ ਦਾ ਅਰਥ
2.2.4 ਕੰਧ ਮੈਗਜ਼ੀਨ ਦੇ ਉਦੇਸ਼
2.2.5 ਕੰਧ ਮੈਗਜ਼ੀਨ ਦੀ ਮਹੱਤਤਾ
2.2.6 ਕੰਧ ਮੈਗਜ਼ੀਨ ਦਾ ਖ਼ਾਕਾ (Lay out)
2.2.7 ਪਾਠ ਦਾ ਸਾਰ
2.2.8 ਪ੍ਰਸ਼ਨ – ਸੁਝਾਅ
2.2.9 ਸੁਝਾਈ ਪੜ੍ਹਨ– ਸਮੱਗਰੀ ਅਤੇ ਵੈੱਬ–ਸਾਧਨ

### 2.2.1 ਪਾਠ ਦੇ ਉਦੇਸ਼

(ੳ) ਵਿਦਿਆਰਥੀ ਕੰਧ ਮੈਗਜ਼ੀਨ ਦਾ ਅਰਥ ਲਿਖਣ ਦੇ ਯੋਗ ਹੋ ਜਾਣਗੇ।

(ਅ) ਵਿਦਿਆਰਥੀ ਕੰਧ ਮੈਗਜ਼ੀਨ ਦੇ ਉਦੇਸ਼ ਦੱਸਣਯੋਗ ਹੋ ਜਾਣਗੇ।

(ੲ) ਵਿਦਿਆਰਥੀ ਕੰਧ ਮੈਗਜ਼ੀਨ ਦੀ ਮਹੱਤਤਾ ਸਮਝ ਸਕਣਗੇ।

(ਸ) ਵਿਦਿਆਰਥੀ ਕੰਧ ਮੈਗਜ਼ੀਨ ਦੀ ਤਿਆਰੀ ਨੂੰ ਬਿਆਨ ਕਰ ਸਕਣਗੇ।

(ਹ) ਵਿਦਿਆਰਥੀ ਇੱਕ ਵਧੀਆ ਕੰਧ ਮੈਗਜ਼ੀਨ ਦੀ ਤਿਆਰੀ ਵਕਤ ਧਿਆਨ ਰੱਖਣਯੋਗ ਨੁਕਤੇ ਬਿਆਨ ਕਰ ਸਕਣਗੇ।

### 2.2.2 ਪਾਠ ਦੀ ਭੂਮਿਕਾ:

ਕੰਧ ਮੈਗਜ਼ੀਨ ਅਤੇ ਸਕੂਲ ਮੈਗਜ਼ੀਨ ਦੋਵੇਂ ਹੀ ਸਕੂਲ ਸਹਿ–ਪਾਠਕ੍ਰਮ ਗਤੀਵਿਧੀਆਂ ਦਾ ਭਾਗ ਹਨ ਜੋ ਕਿ ਵਿਦਿਆਰਥੀਆਂ ਅਤੇ ਬਾਕੀ ਹਿੱਸੇਦਾਰਾਂ ਨੂੰ ਉਨ੍ਹਾਂ ਦੀਆਂ ਲੁਕੀਆਂ ਪ੍ਰਤਿਭਾਵਾਂ ਦਰਸਾਉਂਦੀ ਹੈ। ਸਕੂਲ ਮੈਗਜ਼ੀਨ ਵਿੱਚ ਸਾਰੇ ਹਿੱਸੇਦਾਰਾਂ ਦੀ ਸ਼ਮੂਲੀਅਤ ਹੁੰਦੀ ਹੈ ਜਦਕਿ ਕੰਧ ਮੈਗਜ਼ੀਨ ਵਿੱਚ ਕੇਵਲ ਵਿਦਿਆਰਥੀ ਹੀ ਸ਼ਾਮਿਲ ਹਨ। ਕੰਧ ਮੈਗਜ਼ੀਨ ਦੀ ਵਿਦਿਆਰਥੀਆਂ ਲਈ ਬਹੁਤ ਜ਼ਿਆਦਾ ਮਹੱਤਤਾ ਹੈ ਕਿਉਂਕਿ ਇਸਦੇ ਦੁਆਰਾ ਉਹ ਆਪਣੀਆਂ ਰਚਨਾਤਮਕ, ਬੌਧਿਕ ਅਤੇ ਸਹਿਤਿਕ ਪ੍ਰਤਿਭਾਵਾਂ ਨੂੰ ਪ੍ਰਗਟ ਕਰਦੇ ਹਨ। ਇਸਦਾ ਉਪਯੋਗ ਸਕੂਲਾਂ

ਦੁਆਰਾ ਵਿਦਿਆਰਥੀਆਂ ਦੇ ਭਾਸ਼ਾ ਸੰਬੰਧੀ ਬਿਨਾਂ ਨਿਰਭਰਤਾ ਦੇ ਲਿਖਣ-ਕੌਸ਼ਲਾਂ ਦਾ ਵਿਕਾਸ ਹੁੰਦਾ ਹੈ। ਕੰਧ ਮੈਗਜ਼ੀਨ ਭਾਵੇਂ ਇੱਕ ਸਾਧਾਰਨ ਸਕੂਲੀ ਗਤੀਵਿਧੀ ਜਾਪਦੀ ਹੈ ਪਰ ਇਸ ਲਈ ਵੀ ਪਹਿਲਾਂ ਤੋਂ ਹੀ ਕੁਝ ਤਿਆਰੀਆਂ ਕਰਨੀਆਂ ਜ਼ਰੂਰੀ ਹਨ। ਇਸ ਲਈ ਕੰਧ ਤੇ ਇੱਕ ਬੋਰਡ ਦੀ ਜ਼ਰੂਰਤ ਹੁੰਦੀ ਹੈ ਅਤੇ ਵਿਦਿਆਰਥੀਆਂ ਦੀਆਂ ਸਾਹਿਤਿਕ ਅਤੇ ਰਚਨਾਤਮਕ ਰਚਨਾਵਾਂ, ਜਿਨ੍ਹਾਂ ਨੂੰ ਬੋਰਡ ਤੇ ਦਰਸਾਇਆ ਜਾਂਦਾ ਹੈ, ਦੀ ਜ਼ਰੂਰਤ ਹੁੰਦੀ ਹੈ। ਵਿਦਿਆਰਥੀਆਂ ਦੁਆਰਾ ਰਚੀਆਂ ਲਿਖਾਵਟਾਂ ਦੀ ਡਿਜ਼ਾਇਨਿੰਗ ਵੀ ਬਹੁਤ ਧਿਆਨ ਨਾਲ ਕੀਤੀ ਹੋਣੀ ਚਾਹੀਦੀ ਹੈ। ਕੰਧ ਮੈਗਜ਼ੀਨ ਦੀ ਰਚਨਾ ਵਿਦਿਆਰਥੀਆਂ ਦੁਆਰਾ ਕਿਸੇ ਥੀਮ ਨੂੰ ਨਿਸ਼ਚਿਤ ਕਰਕੇ (ਹਾਊਸਾਂ) ਵਿਚਲੇ ਅਤੇ ਸਕੂਲਾਂ ਵਿਚਲੇ ਮੁਕਾਬਲਿਆਂ ਵਿੱਚ ਕੀਤੀ ਜਾ ਸਕਦੀ ਹੈ।

### 2.2.3 ਕੰਧ ਮੈਗਜ਼ੀਨ ਦਾ ਅਰਥ :

ਕੰਧ ਮੈਗਜ਼ੀਨ ਨੋਟਿਸ ਬੋਰਡ ਤੇ, ਸਮੇਂ-ਸਮੇਂ ਤੇ, ਖਾਸ ਕਰਕੇ ਕਿਸੇ ਸਿੱਖਿਅਕ ਸੰਸਥਾ ਵਿੱਚ ਬਣਾਈ ਜਾਂਦੀ ਹੈ, ਜਿੱਥੇ ਵਿਦਿਆਰਥੀ ਆਪਣੀਆਂ ਰਚਨਾਵਾਂ ਜਿਵੇਂ ਕਿ ਲੇਖ, ਕਵਿਤਾਵਾਂ, ਚਿੱਤਰ-ਕਲਾਵਾਂ ਆਦਿ ਇੱਕ ਦੂਜੇ ਨਾਲ ਸਾਂਝੀਆਂ ਕਰਦੇ ਹਨ। ਇਹ ਰਚਨਾਵਾਂ ਕੌਲਾਜ਼ ਦੇ ਰੂਪ ਵਿੱਚ ਕੋਈ ਸੰਦੇਸ਼ ਵੀ ਦਿੰਦੀਆਂ ਹਨ। ਕੰਧ ਮੈਗਜ਼ੀਨ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਪ੍ਰਦਰਸ਼ਿਤ ਕਰਨ ਦਾ ਇੱਕ ਸਾਧਨ ਹਨ। ਇਸ ਦੁਆਰਾ ਲਗਾਤਾਰ ਹਰ ਪੰਦਰਾਂ ਦਿਨਾਂ ਬਾਅਦ ਕੁਇਜ਼ ਕਰਵਾ ਕੇ ਵਿਦਿਆਰਥੀਆਂ ਵਿਚਲੀ ਗੱਲਬਾਤ (ਵਾਰਤਾਲਾਪ) ਨੂੰ ਵਧਾਇਆ ਜਾ ਸਕਦਾ ਹੈ। ਇੱਕ ਖੁੱਲ੍ਹੇ ਸ਼ੈਕਸ਼ਨ ਵਿੱਚ ਕੁਝ ਵਿਸ਼ਿਆਂ ਦੀ ਚਰਚਾ ਵੀ ਕੀਤੀ ਜਾ ਸਕਦੀ ਹੈ। ਕੰਧ ਮੈਗਜ਼ੀਨ ਵਿਦਿਆਰਥੀਆਂ ਦੁਆਰਾ ਉਨ੍ਹਾਂ ਦੀਆਂ ਅੰਦਰੂਨੀ ਭਾਵਨਾਵਾਂ ਦੇ ਪ੍ਰਦਰਸ਼ਨ ਦਾ ਮਹੱਤਵਪੂਰਨ ਸਾਧਨ ਹਨ। ਇਹ ਉਨ੍ਹਾਂ ਵਿੱਚ ਸਕਾਰਾਤਮਕ ਅਤੇ ਜ਼ਰੂਰੀ ਗੁਣਵੱਤਾ ਵਿਕਸਿਤ ਕਰਨ ਵਿੱਚ ਮੱਦਦ ਕਰਦੀਆਂ ਹਨ। ਵਿਕੀਪੀਡੀਆ ਅਨੁਸਾਰ, "ਕੰਧ ਮੈਗਜ਼ੀਨ ਨੋਟਿਸ ਬੋਰਡ ਤੇ ਚੱਲਣ ਵਾਲੀ ਇੱਕ ਨਿਸ਼ਚਿਤ ਸਮਾਂ ਅੰਤਰਾਲ ਕਿਰਿਆ ਹੈ, ਜੋ ਕਿ ਖਾਸ ਕਰ ਕਿਸੇ ਸਿੱਖਿਅਕ ਸੰਸਥਾ ਵਿੱਚ ਹੁੰਦੀ ਹੈ, ਜਿਸ ਵਿੱਚ ਸੰਸਥਾ ਦੇ ਵਿਦਿਆਰਥੀ ਅਤੇ ਹੋਰ ਮੈਂਬਰ ਆਪਣੇ ਲੇਖ, ਕਵਿਤਾਵਾਂ, ਚਿੱਤਰ-ਕਲਾਵਾਂ ਅਤੇ ਹੋਰ ਲਿਖਿਤ ਰਚਨਾਵਾਂ ਪੋਸਟ ਕਰ ਸਕਣ ਅਤੇ ਇੱਕ ਦੂਜੇ ਨਾਲ ਸਾਂਝੀਆਂ ਕਰ ਸਕਣ। ਇਹ ਕੌਲਾਜ਼ ਰੂਪ ਵਿੱਚ ਸੰਦੇਸ਼-ਵਾਹਕ ਵੀ ਹੋ ਸਕਦੀਆਂ ਹਨ।" ਇਸ ਕੰਧ ਮੈਗਜ਼ੀਨ ਤੇ ਪੋਸਟ ਕਰਨ ਲਈ ਲਿਖਿਤ ਰਚਨਾਵਾਂ ਵਿੱਚ ਵਰਤਮਾਨ ਘਟਨਾਵਾਂ, ਕਹਾਣੀਆਂ, ਕਵਿਤਾਵਾਂ, ਅਨਮੋਲ ਵਿਚਾਰ, ਕੁਝ ਮਹੱਤਵਪੂਰਨ ਤਾਰੀਖਾਂ ਜਾਂ ਤੱਥ ਸ਼ਾਮਿਲ ਹੋ ਸਕਦੇ ਹਨ।

### 2.2.4 ਕੰਧ ਮੈਗਜ਼ੀਨ ਦੇ ਉਦੇਸ਼ :

ਕੰਧ ਮੈਗਜ਼ੀਨ ਦੇ ਉਦੇਸ਼ ਹੇਠ ਲਿਖੇ ਹਨ :

1. ਵਿਦਿਆਰਥੀਆਂ ਵਿੱਚ ਲਿਖਣ ਪ੍ਰਵਿਰਤੀ ਨੂੰ ਜਾਗ੍ਰਿਤ ਕਰਨਾ ਅਤੇ ਉਨ੍ਹਾਂ ਦਾ ਧਿਆਨ ਵਰਤਮਾਨ ਘਟਨਾਵਾਂ ਵੱਲ ਖਿੱਚਣਾ।
2. ਵਿਦਿਆਰਥੀਆਂ ਵਿੱਚ ਤਰਤੀਬਾਰ ਬੌਧਿਕ ਸਥਿਤੀ ਦਾ ਵਿਕਾਸ ਕਰਨਾ।
3. ਵਿਦਿਆਰਥੀਆਂ ਵਿੱਚ ਨਿਰੰਤਰ ਸ਼ੁੱਧ ਲੇਖਨ ਦੇ ਲਈ ਕੋਸ਼ਿਸ਼ ਕਰਨੀ ਅਤੇ ਉਨ੍ਹਾਂ ਨੂੰ ਲਗਾਤਾਰ ਅੱਖਰਾਂ ਅਤੇ ਮੁਹਾਰਨੀ ਵਰਤਣ (Spellings) ਪ੍ਰਤੀ ਸੁਚੇਤ ਕਰਨਾ।
4. ਵਿਦਿਆਰਥੀਆਂ ਦਾ ਰੁਝਾਨ ਕਲਾਕਾਰੀ ਕੰਮਾਂ ਵੱਲ ਪ੍ਰੇਰਿਤ ਕਰਨਾ।
5. ਵਿਦਿਆਰਥੀਆਂ ਨੂੰ ਤਾਲ-ਮੇਲ ਅਤੇ ਮੇਲ-ਜੋਲ ਨਾਲ ਸਿੱਖਣ ਸਥਿਤੀਆਂ ਵਿਕਸਿਤ ਕਰਨਾ ਸਿਖਾਉਣਾ।

6. ਸਿਖਿਆਰਥੀਆਂ ਨੂੰ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਅਤੇ ਚਿੱਤਰਕਾਰੀ ਛਪਵਾਉਣ ਲਈ ਪ੍ਰੇਰਿਤ ਕਰਨਾ।
7. ਵਿਦਿਆਰਥੀਆਂ ਨੂੰ ਰੰਗਾਂ ਦੀ ਵਰਤੋਂ ਦੀ ਸਮਝ ਜਾਣਨਯੋਗ ਬਣਾਉਣਾ।
8. ਨਾਜ਼ਕ ਕਲਾਵਾਂ ਪ੍ਰਤੀ ਵਿਦਿਆਰਥੀਆਂ ਵਿੱਚ ਖਿੱਚ ਪੈਦਾ ਕਰਨਾ।
9. ਵਿਦਿਆਰਥੀਆਂ ਵਿੱਚ ਆਨੰਦਮਈ ਅਤੇ ਲਾਭਦਾਇਕ ਸਿੱਖਣ ਨਿਸ਼ਚਿਤ ਕਰਨਾ।
10. ਵਿਦਿਆਰਥੀਆਂ ਵਿੱਚ ਅਧਿਆਪਕਾਂ ਪ੍ਰਤੀ ਇੱਕ ਮਿੱਤਰਤਾ ਭਰੀ ਸੋਚ (Attitude) ਪੈਦਾ ਕਰਨਾ
11. ਸਿਖਿਆਰਥੀਆਂ ਵਿੱਚ ਰਚਨਾਤਮਕ ਕਿਰਿਆਵਾਂ ਲਈ ਪ੍ਰੇਰਣਾ (insipration) ਪੈਦਾ ਕਰਨਾ।
12. ਸਿਖਿਆਰਥੀਆਂ ਵਿੱਚ ਇਕਾਗਰਤਾ (Concentration) ਨੂੰ ਵਧਾਉਣ ਦੀ ਯੋਗਤਾ ਪੈਦਾ ਕਰਨਾ।
13. ਯੁਵਕਾਂ ਵਿੱਚ ਵਿਖਰਦੇ ਧਿਆਨ ਨੂੰ ਤਰਤੀਬਵਾਰ ਬੌਧਿਕ ਸਥਿਤੀਆਂ ਵਿਕਸਿਤ ਕਰਕੇ ਰੋਕਣਾ।
14. ਨਵੀਂ ਪੀੜ੍ਹੀ ਨੂੰ ਸ਼ਾਂਤੀ ਬਣਾਏ ਰੱਖਣ ਲਈ ਪ੍ਰੇਰਿਤ ਕਰਨਾ।
15. ਸਕੂਲ ਵਿੱਚ ਕੁਦਰਤੀ, ਸੱਭਿਆਚਾਰਕ ਅਤੇ ਸੰਪੂਰਨ ਵਾਤਾਵਰਨ ਬਣਾ ਕੇ ਖੁਸ਼ਨੁਮਾ ਮਾਹੌਲ ਪੈਦਾ ਕਰਨਾ।
16. ਸਮਾਜ ਅਤੇ ਸਕੂਲਾਂ ਵਿੱਚ ਭਾਵਨਾਤਮਕ ਸੰਬੰਧ ਪੈਦਾ ਕਰਨਾ।
17. ਵਿਦਿਆਰਥੀਆਂ ਅੰਦਰ ਕਲਾਪ੍ਰੇਮੀ ਭਾਵਨਾ ਨੂੰ ਜਾਗ੍ਰਿਤ ਅਤੇ ਵਿਕਸਿਤ ਕਰਨਾ।

**2.2.5 ਕੰਧ ਮੈਗਜ਼ੀਨ ਦੀ ਮਹੱਤਤਾ :**

ਸਕੂਲਾਂ ਦੁਆਰਾ ਸਿੱਖਣ-ਸਿਖਾਉਣ ਪ੍ਰਕਿਰਿਆ ਨੂੰ ਵਧਾਉਣ ਲਈ ਕੰਧ ਮੈਗਜ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਕੰਧ ਮੈਗਜ਼ੀਨ ਦੇ ਵਿਦਿਆਰਥੀਆਂ ਨੂੰ ਬਹੁਤ ਲਾਭ ਹਨ। ਕੰਧ ਮੈਗਜ਼ੀਨ ਦੇ ਕੁਝ ਲਾਭ ਹੇਠਾਂ ਲਿਖੇ ਹਨ ਜੋ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹਨ :-

1. ਕੰਧ ਮੈਗਜ਼ੀਨ ਲਈ ਵਿਦਿਆਰਥੀ ਕੁਝ ਕਵਿਤਾਵਾਂ, ਲੇਖ ਅਤੇ ਹੋਰ ਲਿਖਤਾਂ ਲਿਖਦੇ ਹਨ ਜੋ ਉਨ੍ਹਾਂ ਦੀਆਂ ਸਾਹਿਤਿਕ ਯੋਗਤਾਵਾਂ ਨੂੰ ਦਰਸਾਉਂਦੀ ਹੈ।
2. ਇਹ ਵਿਦਿਆਰਥੀਆਂ ਵਿੱਚ ਕਲਾਵਾਂ ਪ੍ਰਤੀ ਝੁਕਾਅ ਪੈਦਾ ਕਰਦੀ ਹੈ ਕਿਉਂਕਿ ਉਨ੍ਹਾਂ ਨੂੰ ਕੰਧ ਮੈਗਜ਼ੀਨ ਤੇ ਆਪਣੀ ਚਿੱਤਰ ਕਲਾਵਾਂ ਅਤੇ ਸਕੈੱਚਾਂ (Sketches) ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲਦਾ ਹੈ।
3. ਇਹ ਵਿਦਿਆਰਥੀਆਂ ਵਿੱਚ ਭਾਸ਼ਾਈ, ਬੌਧਿਕ ਅਤੇ ਲਿਖਣ ਕੌਸ਼ਲਾਂ ਨੂੰ ਵਿਕਸਿਤ ਕਰਦੀ ਹੈ ਕਿਉਂਕਿ ਲਿਖਣ ਸਮੇਂ ਵਿਦਿਆਰਥੀ ਆਪਣੇ ਵਿਚਾਰਾਂ ਨੂੰ ਤਰਤੀਬਵਾਰ ਅਤੇ ਤਰਕ ਸਹਿਤ (Logiøl) ਨਾਲ ਸਹੀ ਵਿਆਕਰਨ ਦੀ ਵਰਤੋਂ ਕਰਦੇ ਹੋਏ ਲਿਖਦੇ ਹਨ।
4. ਇਹ ਵਿਦਿਆਰਥੀਆਂ ਨੂੰ ਭਿੰਨ-ਭਿੰਨ ਸਾਧਨਾਂ ਦੁਆਰਾ ਜਾਣਕਾਰੀ ਇਕੱਠਾ ਕਰਨਾ ਵੀ ਸਿਖਾਉਂਦੀ ਹੈ।
5. ਇਹ ਵਿਦਿਆਰਥੀਆਂ ਵਿੱਚ ਸਪੱਸ਼ਟ ਸੋਚ (Critical Thinking), ਸਮਝ ਅਤੇ ਖੁਦ ਪੜ੍ਹਨ ਦੇ ਕੌਸ਼ਲ ਵਿਕਸਿਤ ਕਰਦੀ ਹੈ।
6. ਇਹ ਵਿਦਿਆਰਥੀਆਂ ਨੂੰ ਲੇਖਨਾਂ ਵੇਲੇ ਉਨ੍ਹਾਂ ਦਾ ਆਪਣਾ ਸਮਾਂ-ਯੋਜਨ, ਸੰਗਠਨ ਅਤੇ ਪ੍ਰਬੰਧਨ ਕਰਨ ਦੇ ਕਾਬਿਲ ਬਣਾਉਂਦੀ ਹੈ।

7. ਇਹ ਵਿਦਿਆਰਥੀਆਂ ਦੀਆਂ ਯੋਗਤਾਵਾਂ ਨੂੰ ਵੱਧ ਤੋਂ ਵੱਧ ਲੱਭਦੀ ਹੈ। ਉਹ ਆਪਣੇ ਸ਼ੌਕਾਂ (hobbies) ਨੂੰ ਲੱਭ ਸਕਦੇ ਹਨ। ਇਸ ਤਰ੍ਹਾਂ ਕੰਧ ਮੈਗਜ਼ੀਨ ਦੁਆਰਾ ਵਿਕਸਿਤ ਸ਼ੌਕ ਆਉਣ ਵਾਲੇ ਸਮੇਂ ਵਿੱਚ ਕਿੱਤਾ ਚੁਣਨ ਵਿੱਚ ਵੀ ਮੱਦਦ ਕਰਦੇ ਹਨ।
8. ਕੰਧ ਮੈਗਜ਼ੀਨ ਦੀਆਂ ਲਿਖਤਾਂ, ਜੋ ਕਿ ਅਕਸਰ ਕੁਝ ਥੀਮਾਂ ਨਾਲ ਜੁੜੀਆਂ ਹੁੰਦੀਆਂ ਹਨ, ਵਿਦਿਆਰਥੀਆਂ ਨੂੰ ਦੁਨੀਆਂ ਵਿੱਚ ਵਾਪਰ ਰਹੀਆਂ ਵਰਤਮਾਨ ਘਟਨਾਵਾਂ ਨਾਲ ਜੋੜਦੀਆਂ ਹਨ।
9. ਵਿਦਿਆਰਥੀਆਂ ਵਿੱਚ ਕਿਸੇ ਵਿਸ਼ੇ ਤੇ ਆਪਣੇ ਆਪ ਲਿਖਣ ਦੀ ਯੋਗਤਾ ਵਿਕਸਿਤ ਹੁੰਦੀ ਹੈ।
10. ਇਹ ਵਿਦਿਆਰਥੀਆਂ ਦੀ ਭਾਵਨਾਵਾਂ ਨੂੰ ਸੇਧ ਪ੍ਰਦਾਨ ਕਰਦੀ ਹੈ।
11. ਇਹ ਵਿਦਿਆਰਥੀਆਂ ਵਿੱਚ ਨਕਲ ਦੀ ਪ੍ਰਵਿਰਤੀ ਨੂੰ ਘਟਾਉਂਦੇ ਹੋਏ ਉਨਾਂ ਵਿੱਚ ਅਸਲ, ਰਚਨਾਤਮਕ ਅਤੇ ਚੰਗੇ ਲੇਖਨ ਨੂੰ ਵਿਕਸਿਤ ਕਰਦੀ ਹੈ।
12. ਕੰਧ ਮੈਗਜ਼ੀਨ ਵਿਦਿਆਰਥੀਆਂ ਵਿੱਚ ਕਈ ਕਿਸਮਾਂ ਦੇ ਉਪ-ਵਿਸ਼ਿਆਂ ਤੇ ਲਿਖਣ ਦੀ ਯੋਗਤਾ ਪੈਦਾ ਕਰਨ ਦਾ ਸਾਧਨ ਹੈ।
13. ਵਿਦਿਆਰਥੀਆਂ ਦੁਆਰਾ ਕੰਧ-ਮੈਗਜ਼ੀਨ ਲਈ ਲਿਖੀਆਂ ਰਚਨਾਵਾਂ ਕਈ ਵਾਰ ਸਕੂਲ ਮੈਗਜ਼ੀਨ ਵਿੱਚ ਛੱਪਣ ਲਈ ਚੁਣ ਲਈਆਂ ਜਾਂਦੀਆਂ ਹਨ ਜਿਸ ਨਾਲ ਵਿਦਿਆਰਥੀਆਂ ਵਿੱਚ ਲੇਖਨ ਪ੍ਰਤੀ ਉਤਸ਼ਾਹ ਪੈਦਾ ਹੁੰਦਾ ਹੈ।
14. ਕੰਧ ਮੈਗਜ਼ੀਨ ਵਿਦਿਆਰਥੀਆਂ ਵਿੱਚ ਸਵੈ-ਸੰਤੁਸ਼ਟੀ ਪੈਦਾ ਕਰਦੀ ਹੈ ਜਦੋਂ ਵਿਦਿਆਰਥੀ ਨੂੰ ਆਪਣੀਆਂ ਰਚਨਾਵਾਂ ਨੂੰ ਕੰਧ ਤੇ ਵੇਖਦੇ ਹਨ।

ਸੋ ਉਪਰ ਦਿੱਤੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਕੰਧ ਮੈਗਜ਼ੀਨ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹੈ।

**2.2.6 ਕੰਧ ਮੈਗਜ਼ੀਨ ਦੀ ਤਿਆਰੀ :**

ਕੰਧ ਮੈਗਜ਼ੀਨ ਵਿਦਿਆਰਥੀਆਂ ਦੁਆਰਾ ਲਿਖੀਆਂ ਅਤੇ ਡਿਜ਼ਾਇਨ ਕੀਤੀਆਂ ਲਿਖਤਾਂ, ਨੋਟਿਸ ਬੋਰਡ ਜਾਂ ਕੰਧ ਮੈਗਜ਼ੀਨ ਬੋਰਡ ਉੱਤੇ ਲਗਾ ਕੇ ਬਣਾਈ ਜਾਂਦੀ ਹੈ। ਕੰਧ ਮੈਗਜ਼ੀਨ ਦੀ ਤਿਆਰੀ ਭਾਵੇਂ ਇੱਕ ਸਾਧਾਰਨ ਜਿਹੀ ਕਿਰਿਆ ਲੱਗਦੀ ਹੈ ਪਰ ਇਸ ਲਈ ਵੀ ਪਹਿਲਾਂ ਤੋਂ ਤਿਆਰੀ ਦੀ ਲੋੜ ਹੈ। ਕੰਧ ਮੈਗਜ਼ੀਨ ਦੀ ਤਿਆਰੀ ਲਈ ਹੇਠ ਲਿਖੇ ਚਰਨ ਹਨ :-

1. **ਕੰਧ ਮੈਗਜ਼ੀਨ ਬੋਰਡ ਦੀ ਤਿਆਰੀ** : ਕੰਧ ਮੈਗਜ਼ੀਨ ਲਈ ਇੱਕ ਬੋਰਡ ਦੀ ਜ਼ਰੂਰਤ ਹੁੰਦੀ ਹੈ ਜਿਸ ਉੱਤੇ ਲਿਖਤਾਂ ਪ੍ਰਦਰਸ਼ਿਤ ਕੀਤੀਆਂ ਜਾ ਸਕਦੀਆਂ ਹਨ। ਬੋਰਡ ਦਾ ਆਕਾਰ 4×6 ਫੁੱਟ ਹੁੰਦਾ ਹੈ। ਕੰਧ ਮੈਗਜ਼ੀਨ ਦਾ ਆਕਾਰ ਪੂਰਾ ਹੋਣਾ ਚਾਹੀਦਾ ਹੈ ਜਿਸ ਨਾਲ ਇਸ ਉੱਤੇ ਲਗਾਈਆਂ ਜਾਣ ਵਾਲੀਆਂ ਲਿਖਤਾਂ ਨੂੰ ਪੂਰੀ ਜਗ੍ਹਾ ਮਿਲ ਸਕੇ। ਬੋਰਡ ਨੂੰ ਨਰਮ ਅਤੇ ਚੰਗੀ ਕਿਸਮ ਦੀ ਲੱਕੜੀ ਦਾ ਬਣਿਆ ਹੋਣਾ ਚਾਹੀਦਾ ਹੈ।
2. **ਲਿਖਤਾਂ ਦੀ ਤਿਆਰੀ** : ਕੰਧ ਮੈਗਜ਼ੀਨ ਦੀ ਲਿਖਤ ਕੋਈ ਵੀ ਵਿਗਿਆਨ (Scientific) ਪੇਪਰ, ਕਿਸੇ ਵਿਸ਼ੇ ਜਾਂ ਵਸਤੂ ਬਾਰੇ ਤੱਥ, ਕਹਾਣੀ, ਲੇਖ, ਕਵਿਤਾ ਜਾਂ ਕਾਗਜ਼ ਤੇ ਕੋਈ ਦਿਖ-ਸ੍ਰਿਸ਼ਟੀ ਜਾਂ ਦਿੱਖ-ਰਚਨਾ ਹੋ ਸਕਦੀ ਹੈ। ਇਹ ਲਿਖਤਾਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਨੂੰ ਸਾਰ ਰੂਪ ਵਿੱਚ ਅਤੇ ਆਕਰਸ਼ਕ ਰੂਪ ਵਿੱਚ ਪ੍ਰਦਰਸ਼ਿਤ ਕਰਦੀਆਂ ਹਨ। ਇਹ ਲਿਖਤਾਂ ਵਿਦਿਆਰਥੀਆਂ ਦੇ ਆਪਸੀ ਵਿਚਾਰਾਂ

ਦੀ ਅਦਲਾ–ਬਦਲੀ ਵਿੱਚ ਵੀ ਮੱਦਦ ਕਰਦੀਆਂ ਹਨ। ਲਿਖਤਾਂ ਦੀ ਤਿਆਰੀ ਵੇਲੇ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ :–

(ੳ) ਲਿਖਤਾਂ ਜਾਣਕਾਰੀ ਭਰਪੂਰ ਹੋਣ।

(ਅ) ਆਕਰਸ਼ਕ ਅਤੇ ਲਾਭਦਾਇਕ ਗ੍ਰਾਫ਼ੀਕਲ ਪੇਸ਼ਕਾਰੀਆਂ ਹੋਣ।

(ੲ) ਲਿਖਤਾਂ ਦੇ ਸਿਰਲੇਖ ਜ਼ਰੂਰ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਉਜਾਗਰ (Highlight) ਜ਼ਰੂਰ ਕੀਤਾ ਜਾਵੇ।

(ਸ) ਜਾਣਕਾਰੀ ਨੂੰ ਲਿਖਤ ਦੀ ਜ਼ਰੂਰਤ ਅਨੁਸਾਰ ਉਸੇ ਰੂਪ ਵਿੱਚ ਪੇਸ਼ ਕੀਤਾ ਜਾਵੇ।

(ਹ) ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਜ਼ਰੂਰ ਰੱਖਿਆ ਜਾਵੇ।

(ਕ) ਲਿਖਤਾਂ ਬਹੁਤ ਲੰਮੀਆਂ ਨਾ ਹੋਣ।

(ਖ) ਬਹੁਤ ਰੌਚਕ ਨੁਕਤੇ ਹੀ ਪੇਸ਼ ਕੀਤੇ ਜਾਣ।

3. **ਲਿਖਤਾਂ ਨੂੰ ਡਿਜ਼ਾਇਨ ਕਰਨਾ** :

(ੳ) ਚੰਗੀ ਕਿਸਮ ਦੀਆਂ ਲਿਖਤਾਂ ਡਿਜ਼ਾਇਨ ਕੀਤੀਆਂ ਜਾਣ। ਰੰਗੀਨ ਕਾਗਜ਼ ਨੂੰ ਵਰਤਣ ਨਾਲ ਇਸ ਵਿੱਚ ਆਕਰਸ਼ਨ ਪੈਦਾ ਕੀਤਾ ਜਾ ਸਕਦਾ ਹੈ।

(ਅ) ਪੇਪਰ ਦਾ ਆਕਾਰ ਏ–4 ਜਾਂ 8×11 ਇੰਚ ਹੋਣਾ ਚਾਹੀਦਾ ਹੈ। ਇਸ ਨੂੰ ਸਟੈਂਡਰਡ ਸ਼ੀਟ ਵੀ ਕਿਹਾ ਜਾ ਸਕਦਾ ਹੈ।

(ੲ) ਸ਼ੀਟ ਦਾ ਸਾਈਜ਼ ਭਾਵੇਂ ਕੋਈ ਵੀ ਹੋਵੇ, ਚੁਣੇ ਗਏ ਟਾਈਪ ਫੋਂਟ (Tye Font) ਸਟੈਂਡਰਡ ਸਾਈਜ਼ ਤੋਂ ਵੱਡਾ ਹੋਣਾ ਚਾਹੀਦਾ ਹੈ। ਇਹ ਸਭ ਪਾਠਕਾਂ ਦੁਆਰਾ ਪੜ੍ਹਨ ਯੋਗ ਹੋਣਾ ਚਾਹੀਦਾ ਹੈ ਅਤੇ ਆਕਰਸ਼ਕ (attractive) ਫੋਂਟ ਵਿੱਚ ਹੋਣਾ ਚਾਹੀਦਾ ਹੈ।

(ਸ) ਲਿਖਤ ਦਾ ਸਿਰਲੇਖ (title) ਅਤੇ ਲੇਖਕ ਦਾ ਨਾਂ ਉਜਾਗਰ (highlighted) ਰੂਪ ਵਿੱਚ ਹੋਣਾ ਚਾਹੀਦਾ ਹੈ।

(ਹ) ਲਿਖਤਾਂ ਵਿੱਚ ਡਿਜ਼ਾਇਨ ਕਰਨ ਲਈ ਰੰਗਾਂ ਦੀ ਵਰਤੋਂ ਵਿਦਿਆਰਥੀਆਂ ਦੁਆਰਾ ਰਚਨਾਤਮਕਤਾ ਵਰਤ ਕੇ ਉਨ੍ਹਾਂ ਨੂੰ ਵਧੇਰੇ ਆਕਰਸ਼ਕ ਅਤੇ ਪ੍ਰਦਰਸ਼ਨਯੋਗ ਬਣਾ ਸਕਦਾ ਹੈ।

4. **ਕੰਧ ਮੈਗਜ਼ੀਨ ਬੋਰਡ ਤੇ ਲਿਖਤਾਂ ਨੂੰ ਲਗਾਉਣਾ** :

ਲਿਖਤਾਂ ਨੂੰ ਕੰਧ ਮੈਗਜ਼ੀਨ ਤੇ ਇਸ ਤਰ੍ਹਾਂ ਲਗਾਇਆ ਜਾਵੇ ਕਿ ਉਹ ਸਭ ਪਾਠਕਾਂ ਨੂੰ ਨਜ਼ਰ ਆ ਸਕਣ। ਲਿਖਤਾਂ ਲਗਾਉਣ ਦਾ ਤਰੀਕਾ ਅਜਿਹਾ ਹੋਵੇ ਕਿ ਹਰ ਲਿਖਤ ਪਾਠਕਾਂ ਦਾ ਧਿਆਨ ਖਿੱਚੇ। ਬੇਸ਼ੱਕ ਲਿਖਤਾਂ ਨੂੰ ਕਿਸੇ ਪੈਟਰਨ (Pattern) ਜਾਂ ਕੋਈ ਆਕਾਰ ਦੇ ਕੇ ਇੱਕ ਕੌਲਾਜ਼ ਦੇ ਰੂਪ ਵਿੱਚ ਵੀ ਦਰਸਾਇਆ ਜਾ ਸਕਦਾ ਹੈ। ਜੇਕਰ ਲਿਖਤਾਂ ਨੂੰ ਮੈਟਰਿਕਸ (matrix) ਦੇ ਰੂਪ ਵਿੱਚ ਲਗਾਇਆ ਜਾਵੇਗਾ ਤਾਂ ਦੋ ਲੇਆਉਟ (layout) ਬਣ ਸਕਦੇ ਹਨ :–

(ੳ) ਖਿਤਿਜੀ ਲੇਆਉਟ (Horizontal lay-out) : ਇਸ ਤੋਂ ਭਾਵ ਹੈ ਕਿ ਲਿਖਤਾਂ ਨੂੰ ਲਾਈਨਾਂ ਵਿੱਚ ਲਾਉਣਾ।

(ਅ) ਵਰਟੀਕਲ ਲੇਆਉਟ (Vertical lay-out) ਇਸ ਤੋਂ ਭਾਵ ਹੈ ਕਿ ਲਿਖਤਾਂ ਨੂੰ ਕਾਲਮਾਂ ਰੂਪ ਵਿੱਚ ਲਗਾਉਣਾ।

5. **ਇੱਕ ਚੰਗੀ ਕੰਧ ਮੈਗਜ਼ੀਨ ਦੇ ਗੁਣ :**

ਇੱਕ ਚੰਗੀ ਕੰਧ ਮੈਗਜ਼ੀਨ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ -

(ੳ) ਇੱਕ ਚੰਗੀ ਦਿਖ ਵਾਲੇ ਵਧੀਆ ਬੋਰਡ ਦੀ ਵਰਤੋਂ ਕੀਤੀ ਹੋਵੇ।

(ਅ) ਬੋਰਡ ਦੀ ਸਤ੍ਹਾ ਪਲੇਨ (smooth) ਤੇ ਸਹੀ ਢੰਗ ਦੀ ਹੋਵੇ।

(ੲ) ਪੇਸ਼ ਕੀਤੀ ਜਾਣਕਾਰੀ ਇੰਨੀ ਵੱਡੀ ਹੋਵੇ ਕਿ ਪਾਠਕ ਦੁਆਰਾ ਆਸਾਨੀ ਨਾਲ ਪੜ੍ਹੀ ਜਾ ਸਕੇ।

(ਸ) ਲਿਖਤਾਂ ਲਈ ਵਧੀਆ ਜਿਹੇ ਸਿਰਲੇਖ ਵਰਤੇ ਹੋਣ।

(ਹ) ਰੰਗਾਂ ਦੀ ਵਰਤੋਂ ਸੁਹਜਤਾ ਨਾਲ ਕੀਤੀ ਹੋਵੇ।

(ਕ) ਲਿਖਤਾਂ ਦੀ ਡਿਜ਼ਾਈਨਿੰਗ ਸੰਤੁਲਿਤ ਸਾਂਚੇ (Pattern) ਵਿੱਚ ਕੀਤੀ ਹੋਵੇ ਅਤੇ ਰੰਗਾਂ ਦੇ ਸ਼ੇਡ, ਚਮਕ ਅਤੇ ਵਿਰੋਧਾਆਭਾਸ ਸੰਤੁਲਿਤ ਰੂਪ ਵਿੱਚ ਵਰਤੇ ਹੋਣ।

(ਖ) ਲਿਖਤਾਂ ਨੂੰ ਕੌਲਾਜ਼, ਖਿਤਿਜ਼ ਜਾਂ ਵਰਟੀਕਲ ਪੈਟਰਨ (Pattern) ਵਿੱਚ ਲਾਇਆ ਜਾਵੇ।

(ਗ) ਲੇਆਉਟ ਸਾਫ਼-ਸੁਥਰਾ ਅਤੇ ਨਿਰੰਤਰਤਾ (consistent) ਵਾਲਾ ਹੋਵੇ।

(ਘ) ਜੇਕਰ ਕੰਧ ਮੈਗਜ਼ੀਨ ਦਾ ਕੋਈ ਥੀਮ ਹੋਵੇ, ਤਾਂ ਇਸਨੂੰ ਕੰਧ ਮੈਗਜ਼ੀਨ ਬੋਰਡ ਤੇ ਸਹੀ ਜਗ੍ਹਾ ਤੇ ਉਜਾਗਰ (highlighted) ਅਤੇ ਆਕਰਸ਼ਕ ਤਰੀਕੇ ਵਿੱਚ ਲਗਾਇਆ ਜਾਵੇ।

6. **ਸਕੂਲਾਂ ਵਿੱਚ ਕੰਧ ਮੈਗਜ਼ੀਨ ਮੁਕਾਬਲੇ ਕਰਵਾਉਣਾ :**

ਕੰਧ ਮੈਗਜ਼ੀਨ ਦੀ ਤਿਆਰੀ ਨੂੰ ਸਕੂਲਾਂ ਵਿੱਚ ਇੱਕ ਸਹਿ-ਪਾਠਕ੍ਰਮ ਕਿਰਿਆ (co-curricular activity) ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਬੱਚਿਆਂ ਵਿੱਚ ਮੁਕਾਬਲੇ ਦੀ ਚੰਗੀ ਭਾਵਨਾ ਪੈਦਾ ਕਰਨ ਲਈ ਸਕੂਲਾਂ ਵਿੱਚ ਕੰਧ ਮੈਗਜ਼ੀਨ ਤਿਆਰੀ ਦੇ ਮੁਕਾਬਲੇ ਕਰਾਏ ਜਾ ਸਕਦੇ ਹਨ।

ਅਜਿਹੇ ਮੁਕਾਬਲੇ ਕਰਾਉਣ ਲਈ ਇੱਕ ਵਧੀਆਂ ਥੀਮ (Theme) ਚੁਣ ਕੇ ਵਿਦਿਆਰਥੀਆਂ ਨੂੰ ਪਹਿਲਾਂ ਹੀ ਜਾਣੂ ਕਰਵਾ ਦੇਣਾ ਚਾਹੀਦਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਜਾਣਕਾਰੀ ਇਕੱਠੀ ਕਰਨ ਅਤੇ ਲਿਖਤਾਂ ਨੂੰ ਵਧੀਆ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਲੋੜੀਂਦਾ ਸਮਾਂ ਮਿਲ ਜਾਵੇਗਾ। ਵਿਦਿਆਰਾਰਥੀਆਂ ਨੂੰ ਇੱਕ ਚੰਗੀ ਕੰਧ ਮੈਗਜ਼ੀਨ ਅਤੇ ਵਧੀਆ ਲਿਖਤਾਂ ਦੇ ਗੁਣਾਂ ਨਾਲ ਅਤੇ ਉਨ੍ਹਾਂ ਦੀ ਵਧੀਆ ਪੇਸ਼ਕਾਰੀ ਦੇ ਢੰਗਾਂ ਨਾਲ ਪਹਿਲਾਂ ਤੋਂ ਹੀ ਜਾਣੂ ਕਰਾ ਦਿੱਤਾ ਜਾਵੇ ਤਾਂ ਕਿ ਵਿਦਿਆਰਥੀਆਂ ਆਪਣੀਆਂ ਰਚਨਾਵਾਂ ਅਤੇ ਲਿਖਤਾਂ ਨੂੰ ਅਰਥ-ਪੂਰਨ, ਜਾਣਕਾਰੀ-ਭਰਪੂਰ, ਪੇਸ਼ਕਾਰੀ-ਯੋਗ ਅਤੇ ਖਿੱਚ ਪੈਦਾ ਕਰਨ ਵਾਲੀਆਂ ਬਣਾ ਕੇ ਵਧੀਆ ਤਰੀਕੇ ਨਾਲ ਪੇਸ਼ ਕਰ ਸਕਣ। ਵਿਦਿਆਰਥੀਆਂ ਨੂੰ ਭਿੰਨ-ਭਿੰਨ ਡਰਾਇੰਗਾਂ ਬਣਾਉਣ ਲਈ ਰੰਗ ਮਿਲਾਨ, ਪੈਟਰਨਾਂ (patterns) ਆਕਾਰਾਂ ਅਤੇ ਡਿਜ਼ਾਇਨਾਂ ਦੀ ਜਾਣਕਾਰੀ ਪਹਿਲਾਂ ਹੀ ਦਿੱਤੀ ਜਾਵੇ।

ਇਹ ਕਿਰਿਆ ਸਕੂਲਾਂ ਵਿੱਚ ਇਸ ਲਈ ਕਰਵਾਈ ਜਾਂਦੀ ਹੈ ਤਾਂ ਕਿ ਵਿਦਿਆਰਥੀਆਂ ਵਿੱਚ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ਲੇਸ਼ਣ ਕੌਸ਼ਲਾਂ ਦਾ ਵਿਕਾਸ ਕਰਦੇ ਹੋਏ ਉਨ੍ਹਾਂ ਵਿੱਚ ਸੁਹਜਤਾ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਵਿਕਸਿਤ ਕੀਤੀ ਜਾ ਸਕੇ। ਇਸ ਕਿਰਿਆ ਨੂੰ ਬਿਹਤਰ ਬਣਾਉਣ ਲਈ ਸਰਟੀਫਿਕੇਟ ਅਤੇ ਇਨਾਮ-ਵੰਡਣਾ ਸ਼ਾਮਿਲ ਕੀਤਾ ਜਾ ਸਕਦਾ ਹੈ।

ਅਜਿਹੇ ਮੁਕਾਬਲਿਆਂ ਵਿੱਚ ਥੀਮ ਨੂੰ ਚੁਣਨਾ ਬਹੁਤ ਮਹੱਤਵਪੂਰਨ ਹੈ। ਇਸ ਲਈ ਅਜਿਹੇ ਥੀਮਾਂ ਦੀ ਜ਼ਰੂਰਤ ਹੈ ਜੋ ਕਿ ਨਵੇਂ ਹੋਣ ਅਤੇ ਵਿਦਿਆਰਥੀਆਂ ਦੇ ਪੱਧਰ ਦੇ ਹੋਣ। ਇਹ ਵਿਦਿਆਰਥੀਆਂ ਦੀ ਜ਼ਰੂਰਤਾਂ ਅਤੇ ਰੁਚੀ ਦੇ ਅਨੁਸਾਰ ਹੋਣੇ ਚਾਹੀਦੇ ਹਨ। ਸਕੂਲਾਂ ਵਿੱਚ ਸਦਨ-ਪੱਧਰ ਤੇ ਕੰਧ ਮੈਗਜ਼ੀਨ ਮੁਕਾਬਲੇ ਆਯੋਜਿਤ ਕਰਦੇ ਸਮੇਂ, ਥੀਮ ਜਾਂ ਵਿਸ਼ੇ ਨੂੰ ਹਰ ਤੀਜੇ ਜਾਂ ਚੌਥੇ ਮਹੀਨੇ ਬਾਅਦ ਬਦਲ ਦੇਣਾ ਚਾਹੀਦਾ ਹੈ ਅਤੇ ਜੇਤੂ ਸਦਨ ਨੂੰ ਸਾਲਾਨਾ ਸਕੂਲ ਸਮਾਰੋਹ ਵਿੱਚ ਇਨਾਮ-ਵੰਡ ਹੋਣੀ ਚਾਹੀਦੀ ਹੈ।

**2.2.7 ਪਾਠ ਦਾ ਸਾਰ :**

ਕੰਧ ਮੈਗਜ਼ੀਨ ਦੀ ਤਿਆਰੀ ਸਕੂਲੀ ਸਹਿ-ਪਾਠਕ੍ਰਮੀ ਕਿਰਿਆਵਾਂ ਵਿੱਚੋਂ ਇੱਕ ਹੈ ਜਿਸ ਵਿੱਚ ਵਿਦਿਆਰਥੀ ਆਪਣੇ ਆਪ ਤਿਆਰ ਰਚਨਾਵਾਂ ਜਾਂ ਲਿਖਤਾਂ ਦੁਆਰਾ ਰੁਚੀ ਪੂਰਨ ਤਰੀਕੇ ਨਾਲ ਆਪਸ ਵਿੱਚ ਜਾਣਕਾਰੀ ਸਾਂਝੀ ਕਰ ਸਕਦੇ ਹਨ। ਇਹ ਇੱਕ ਅਜਿਹਾ ਸਾਧਨ ਹੈ ਜਿਸ ਵਿੱਚ ਵਿਦਿਆਰਥੀ ਆਪਣੀਆਂ ਲੁਕੀਆਂ ਹੋਈਆਂ ਪ੍ਰਤਿਭਾਵਾਂ ਦਿਖਾਉਂਦੇ ਹਨ। ਇਸ ਨਾਲ ਉਨ੍ਹਾਂ ਦੇ ਲਿਖਤੀ ਵਾਰਤਾਲਾਪ ਕੌਸ਼ਲ ਵਿਕਸਿਤ ਹੋ ਜਾਂਦੇ ਹਨ। ਇਹ ਵਿਦਿਆਰਥੀਆਂ ਅੰਦਰ ਸੁਹਜ ਗੁਣਾਂ ਨੂੰ ਵਿਕਸਿਤ ਕਰਦੀ ਹੈ। ਕੰਧ ਮੈਗਜ਼ੀਨ ਦੀ ਤਿਆਰੀ ਬਹੁਤ ਧਿਆਨ ਨਾਲ ਹੋਣੀ ਚਾਹੀਦੀ ਹੈ ਤਾਂ ਕਿ ਇਸ ਦੇ ਉਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਪ੍ਰਾਪਤ ਕੀਤਾ ਜਾ ਸਕੇ। ਕੰਧ ਮੈਗਜ਼ੀਨ ਇਸ ਦੀ ਤਿਆਰੀ ਸਮੇਂ ਇਸਦੇ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਕੰਧ ਮੈਗਜ਼ੀਨ ਮੁਕਾਬਲਿਆਂ ਨੂੰ ਸਕੂਲਾਂ ਵਿੱਚ ਸਿਹਤਮੰਦ ਮੁਕਾਬਲੇ ਆਯੋਜਿਤ ਕਰਨ ਲਈ ਵਰਤਿਆ ਜਾ ਸਕਦਾ ਹੈ।

**2.2.8 ਪ੍ਰਸ਼ਨ-ਸੁਝਾਅ :**

1. ਕੰਧ ਮੈਗਜ਼ੀਨ ਦਾ ਭਾਵ ਸਮਝਾਓ। ਕੰਧ ਮੈਗਜ਼ੀਨ ਵਿਦਿਆਰਥੀਆਂ ਲਈ ਕਿਉਂ ਮਹੱਤਵਪੂਰਨ ਹੈ।
2. "ਕੰਧ ਮੈਗਜ਼ੀਨ ਸਕੂਲਾਂ ਵਿੱਚ ਇੱਕ ਸਹਿ-ਪਾਠਕ੍ਰਮੀ ਕਿਰਿਆ ਹੈ।" ਵਿਸਤਾਰ ਸਹਿਤ ਦੱਸੋ।
3. ਕੰਧ ਮੈਗਜ਼ੀਨ ਕਿਵੇਂ ਤਿਆਰ ਕੀਤੀ ਜਾਣੀ ਚਾਹੀਦੀ ਹੈ? ਕੰਧ ਮੈਗਜ਼ੀਨ ਦੀ ਤਿਆਰੀ ਵਿੱਚ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।
4. ਕੰਧ ਮੈਗਜ਼ੀਨ ਦਾ ਕੀ ਅਰਥ ਹੈ? ਵਿਦਿਆਰਥੀਆਂ ਲਈ ਕੰਧ ਮੈਗਜ਼ੀਨ ਮੁਕਾਬਲੇ ਕਿਵੇਂ ਲਾਭਦਾਇਕ ਬਣਾਏ ਜਾ ਸਕਦੇ ਹਨ?

**2.2.9 ਸੁਝਾਈ ਪੜ੍ਹਨ ਸਮੱਗਰੀ ਅਤੇ ਵੈੱਬ ਸਾਧਨ :**

1. ਅਗਰਵਾਲ, ਜੇ. ਸੀ. (2003), "ਟੀਚਿੰਗ ਆਫ਼ ਕਾਮਰਸ : ਏ ਪ੍ਰੈਕਟੀਕਲ ਅਪਰੋਚ", ਵਿਕਾਸ ਪਬਲੀਸ਼ਿੰਗ ਹਾਊਸ, ਪ੍ਰਾਈਵੇਟ ਲਿਮਟਿਡ, ਨੋਇਡਾ, ਉੱਤਰ ਪ੍ਰਦੇਸ਼।
2. ਨੰਦਰਾ, ਆਈ. ਡੀ. ਐੱਸ. (2017), "ਭਾਸ਼ਾਈ ਕੁਸ਼ਲਤਾ ਦਾ ਵਿਕਾਸ", ਟੰਵੇਟੀ ਫਸਟ ਸੈਂਚੁਰੀ ਪਬਲੀਕੇਸ਼ਲਜ਼, ਪਟਿਆਲਾ, ਪੰਜਾਬ।
3. https:/bnmes.wordpress.com/magazine/

---

**ਪਾਠ ਨੰਬਰ 2.3** **ਲੇਖਕ – ਡਾ. ਭੁਪਿੰਦਰ ਕੌਰ**

---

## ਸਿੱਖਿਆ ਲੇਖਣ ਨਾਲ ਜੋੜਨਾ: ਅਸਲੀ ਅਤੇ ਮਹਾਨ ਵਿਚਾਰਾਂ ਦੀਆਂ ਲਿਖਤਾਂ ਦਾ ਸਾਰ ਜਿਹੜੇ ਕਿ ਸਿੱਖਿਆ, ਸਕੂਲਿੰਗ, ਅਧਿਆਪਨ ਅਤੇ ਸਿੱਖਣ ਨਾਲ ਜੁੜੇ ਹਨ।

2.3.0 ਪਾਠ ਦਾ ਢਾਂਚਾ
2.3.1 ਪਾਠ ਦੇ ਉਦੇਸ਼
2.3.2 ਜਾਣ-ਪਛਾਣ
2.3.3 ਸਿੱਖਿਅਕ ਲਿਖਣ ਦਾ ਅਰਥ
2.3.4 ਸਿੱਖਿਅਕ ਲਿਖਣ ਦੀ ਲੋੜ ਅਤੇ ਮਹੱਤਤਾ
2.3.5 ਸਿੱਖਿਅਕ ਲਿਖਣ ਦੀਆ ਕਿਸਮਾਂ
    2.3.5 (I) ਨਿਬੰਧ
    2.3.5 (II) ਖੋਜ ਪੱਤਰ
    2.3.5 (III) ਕਾਨਫਰੰਸ ਪੱਤਰ
    2.3.5 (IV) ਅਕਾਦਮਿਕ ਜਰਨਲ
    2.3.5 (V) ਡੇਜਰਟੇਸ਼ਨ ਅਤੇ ਥੀਸਿਸ
    2.3.5 (VI) ਐਬਸਟਰੈਕਟ
    2.3.5 (VII) ਵਿਆਖਿਆ
2.3.6 ਸਿੱਖਿਅਕ ਲਿਖਣ ਦੇ ਸੁਧਾਰ ਲਈ ਸੁਝਾਅ
2.3.7 ਸਾਰ
2.3.8 ਸੁਝਾਅ ਹਿੱਤ ਪ੍ਰਸਨ
2.3.9 ਸੁਝਾਅ ਹਿੱਤ ਪੁਸਤਕਾਂ


### 2.3.1 ਪਾਠ ਦੇ ਉਦੇਸ਼

ਪਾਠ ਪੜਨ ਤੋਂ ਬਾਅਦ ਵਿਦਿਆਰਥੀ-

1. ਸਿੱਖਿਅਕ ਲਿਖਣ ਦੀ ਪ੍ਰੀਭਾਸ਼ਾ ਨੂੰ ਪਛਾਨਣ ਦੇ ਯੋਗ ਹੋ ਜਾਣਗੇ।
2. ਸਿੱਖਿਅਕ ਲਿਖਣ ਦੀ ਲੋੜ ਅਤੇ ਮਹੱਤਤਾ ਨੂੰ ਜਾਣਨ ਦੇ ਯੋਗ ਹੋ ਜਾਣਗੇ।
3. ਸਿੱਖਿਅਕ ਲਿਖਣ ਦੀ ਕਿਸਮਾਂ ਨੂੰ ਸਮਝਣ ਦੇ ਯੋਗ ਹੋ ਜਾਣਗੇ।
4. ਨਿਬੰਧ, ਕਾਨਫਰੰਸ ਪੇਪਰ, ਖੋਜ ਪੱਤਰ, ਐਬਸਰਕੈਟ, ਡੈਜਰਟੇਸੁਨ ਅਤੇ ਥੀਸਿਸ ਨੂੰ ਕਿਵੇ ਲਿਖਣਾ ਹੈ,ਸਮਝਣ ਦੇ ਯੋਗ ਹੋ ਜਾਣਗੇ।

**2.3.2 ਜਾਣ-ਪਛਾਣ-** ਵਿਦਿਆਰਥੀ ਦੀ ਸਿੱਖਿਅਕ ਲਿਖਣ ਵਿੱਚ ਗਿਣਤੀ ਨੂੰ ਵਧਾਉਣਾ ਕੋਈ ਛੋਟਾ ਕੰਮ ਨਹੀਂ ਹੈ।ਹਰੇਕ ਅਲੱਗ ਵਿਦਿਆਰਥੀ ਨੂੰ ਪ੍ਰੇਰਿਤ ਕਰਨ ਲਈ ਕੁੱਝ ਅਲੱਗ ਕਰਨ ਦੀ ਲੋੜ ਹੁੰਦੀ ਹੈ।ਭਾਵੇਂ ਕਿ ਬੱਚਿਆ

ਨੂੰ ਸਿੱਖਣ ਦੇ ਕੰਮਾਂ ਵਿੱਚ ਕਿਰਿਆਸ਼ੀਲ ਬਣਾਉਣ ਦੇ ਅਨੇਕਾ ਤਰੀਕੇ ਹਨ,ਜੋ ਕਿ ਉਨ੍ਹਾਂ ਦੀ ਸੋਚਣ ਸ਼ਕਤੀ ਅਤੇ ਭਾਗੀਦਾਰੀ ਲਈ ਲੋੜੀਂਦੇ ਹਨ। ਚੰਗੀ ਗੁਣਵਤਾ ਵਾਲਾ ਲਿਖਣ ਪੋਗਰਾਮ ਬੱਚਿਆ ਨੂੰ ਲਿਖਣ ਦੇ ਅਜਿਹੇ ਮੋਕੇ ਪ੍ਰਦਾਨ ਕਰਨ ਜਿਹੜੇ ਉਹਨਾ ਲਈ ਅਰਥ ਭਰਪੂਰ ਹੋਣ ਅਤੇ ਅਜਿਹੀਆ ਰਣਨੀਤੀਆ ਜਿਹੜੀਆਂ ਕਿ ਉਨ੍ਹਾ ਨੂੰ ਪ੍ਰਭਾਵਸ਼ਾਲੀ ਲੇਖਕ ਬਣਾ ਸਕਣ ਵਿੱਚ ਇਕਾਸਾਰਤਾ ਲੈ ਕੇ ਆਉਣ। ਪ੍ਰੇਰਨਾ ਅਤੇ ਆਪਣੇ- ਆਪ ਨੂੰ ਚਲਾਉਣ ਵਾਲੀਆ ਰਣਨੀਤੀਆ ਵੀ ਇਸ ਲਈ ਲੋੜੀਂਦੀਆ ਹਨ।ਅਸਲੀ ਅਤੇ ਮਹਾਨ ਵਿਚਾਰਾਂ ਦੀਆ ਉਹ ਲਿਖਤਾ ਜਿਹੜੀਆਂ ਕਿ ਸਿੱਖਿਆ, ਸਕੂਲਿੰਗ ਅਤੇ ਅਧਿਆਪਨ ਸਿੱਖਣ ਬਾਰੇ ਹੋਣਾਂ,ਉਨਾ ਨੂੰ ਪੜ੍ਹਨ ਦੀ ਅੱਜ ਦੇ ਸਮੇ ਵਿਚ ਸਖ਼ਤ ਜ਼ਰੂਰਤ ਹੈ।ਦਿਮਾਗ ਅਤੇ ਹੱਥ ਦੀ ਬੱਚਿਆਂ ਦੀ ਕ੍ਰਿਆਸ਼ੀਲ ਭਾਗੀਦਾਰੀ ਲਈ ਲੋੜੀਂਦੇ ਹਨ।ਜਦੋਂ ਵਿਦਿਆਰਥੀ ਕਿਸੇ ਕੰਮ ਵਿੱਚ ਪੂਰੀ ਤਰ੍ਹਾਂ ਲੱਗੇ ਹੋਣ ਉਸ ਸਮੇ ਉਹ ਕ੍ਰਿਆਸ਼ੀਲ ਤਰੀਕੇ ਨਾਲ ਸੋਚ ਰਹੇ ਅਤੇ ਕੰਮ ਕਰ ਰਹੇ ਹੁੰਦੇ ਹਨ।ਜਦੋਂ ਹੱਥ ਕਿਸੇ ਕੰਮ ਵਿਚ ਲੱਗੇ ਹੋਣ,ਦਿਮਾਗ ਸਵਾਲ ਕਰਦਾ ਹੋਣਾ ਚਾਹੀਦਾ ਹੈ,ਸੰਵੇਦਨਸੀਲਤਾ ਨਾਲ ਸਮੱਸਿਆ ਦਾ ਹੱਲ ਕਰਦਾ ਹੋਣਾ ਚਾਹੀਦਾ ਹੈ ਅਤੇ ਇਸਨੂੰ ਜੋੜਦਾ ਹੋਣਾ ਚਾਹੀਦਾ ਹੈ।




### 2.3.3 ਸਿੱਖਿਅਕ ਲਿਖਣ ਦਾ ਅਰਥ-

ਸਿੱਖਿਅਕ ਲਿਖਣ ਨੂੰ ਸਹੀ ਪ੍ਰਭਾਸ਼ਿਤ ਕਰਨਾ ਔਖਾ ਕੰਮ ਹੈ ਕਿਉਂਕਿ ਲਿਖਣ ਦਾ ਕੰਮ ਅਨੇਕਾਂ ਕਾਰਨਾਂ ਕਰਕੇ ਕੀਤਾ ਜਾਂਦਾ ਹੈ।ਅਕਾਦਮਿਕ ਲਿਖਣ ਕਈ ਵਿੰਭਿਨ ਪ੍ਰਕਾਰਾ ਵਿਚ ਵਰਤਿਆ ਜਾਂਦਾ ਹੈ।ਸਿੱਖਿਅਕ ਲਿਖਣ ਦਾ ਆਮ ਜਿਹਾ ਅਰਥ ਹੈ ਕਿ ਇਹ ਸਿੱਖਿਆ ਨਾਲ ਸੰਬੰਧਿਤ ਹੈ ਜਾਂ ਇਸ ਵਿੱਚ ਸਿੱਖਿਅਕ ਲਈ ਲਿਖਿਆ ਜਾਂਦਾ ਹੈ।ਸਿੱਖਿਅਕ ਲਿਖਣ ਨੂੰ 'ਅਕਾਦਮਿਕ ਲਿਖਣ'ਵੀ ਕਿਹਾ ਜਾਂਦਾ ਹੈ।

ਅਕਾਦਮਿਕ ਲਿਖਣ ਵਿਚਾਰਾਂ ਨੂੰ ਤੋੜਨਾ ਅਤੇ ਨਿਗਨਾਤਮਿਕ ਵਿਚਾਰ ਅਤੇ ਤੀਸਰੇ ਵਿਅਕਤੀ ਦੇ ਵਿਚਾਰਾਂ ਦੀ ਕ੍ਰਿਆ ਹੈ।

ਅਕਾਦਮਿਕ ਸਿੱਖਣ ਦੀ ਵਿਸ਼ਾਲ ਪ੍ਰੀਭਾਸ਼ਾ ਵਿੱਚ ਕਿਸੇ ਕਾਲਜ਼ ਜਾਂ ਯੂਨਿਵਰਸਿਟੀ ਦੀਆ ਲੋੜਾਂ ਨੂੰ ਪੂਰਾ ਕਰਨ ਲਈ ਲਿਖਿਆ ਜਾਣਾ ਆਉਦਾ ਹੈ।ਇਸਨੂੰ ਪਬਲੀਕੇਸ਼ਨ ਲਈ ਵੀ ਵਰਤਿਆ ਜਾਂਦਾ ਹੈ।
ਜਿਹੜੇ ਕਿ ਅਧਿਆਪਕਾਂ ਅਤੇ ਖੋਜਾਰਥੀਆ ਦੁਆਰਾ ਪੜੇ ਜਾਦੇ ਹਨ ਅਤੇ ਕਾਨਫਰੰਸਾ ਤੇ ਪੇਸ਼ ਕੀਤਾ ਜਾਦਾ ਹੈ।ਅਕਾਦਮਿਕ ਲਿਖਣ ਨੂੰ ਅਸਾਈਨਮੈਂਟ ਵਜੋਂ ਜਾਣਿਆ ਜਾ ਸਕਦਾ ਹੈ।
ਅਕਾਦਮਿਕ ਸਿੱਖਣ ਸਿਖਿਆਰਥੀਆ ਦੇ ਗਿਆਨ ਪੱਧਰ ਤੋਂ ਸ਼ੁਰੂ ਹੁੰਦੀ ਹੈ ਅਤੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰਦੀ ਹੈ।ਉਮੀਦਾਂ ਬਾਰੇ ਜਾਨਣਾ ਜ਼ਰੂਰੀ ਹੈ।ਸਹੀ ਖੋਜ ਅਜਿਹੇ ਲਿਖਣ ਨੂੰ ਦਿਲਚਸਪ ਅਤੇ ਵਧੀਆ ਬਣਾਉਦੀ ਹੈ।

**2.3.4 ਸਿੱਖਿਅਕ ਲਿਖਣ ਦੀ ਲੋੜ ਅਤੇ ਮਹੱਤਤਾ:–**

ਜਦੋਂ ਅਸੀਂ ਵਿਦਿਆਰਥੀਆ ਦੀਆਂ ਸਿੱਖਣ ਕ੍ਰਿਆਵਾ ਵਿੱਚ ਭਾਗੀਦਾਰੀ ਬਾਰੇ ਸੋਚਦੇ ਹਾਂ ਵਿਦਿਆਰਥੀਆ ਨੂੰ ਅਜਿਹੀਆ ਕ੍ਰਿਆਵਾ ਕਰਨਾ ਸੋਖਾ ਹੁੰਦਾ ਹੈ ਜਿਹੜੀਆ ਕਿ ਉਨ੍ਹਾਂ ਦੀ ਸਕਾਰਤਮਿਕ ਸੋਚ ਤੌਂ ਝਲਕਦੀਆ ਹਨ।ਅਜਿਹਾ ਇਸ ਲਈ ਕਿਉਕਿ ਵਿਦਿਆਰਥੀ ਵਿਵਹਾਰਿਕ ਤੌਰ ਤੇ ਅਤੇ ਭਾਵਨਾਤਮਿਕ ਤੋਰ ਤੇ ਅਜਿਹੀਆ ਕ੍ਰਿਆਵਾ ਨਾਲ ਜੁੜੇ ਹੁੰਦੇ ਹਨ।ਪ੍ਰੰਤੂ ਉਹ ਇਨਾ ਨੂੰ ਸਮਝਣ ਦੀ ਕੋਸ਼ਿਸ ਨਹੀ ਕਰਦੇ।
ਹੇਠ ਲਿਖੀਆ ਗੱਲਾਂ ਇਸਦੇ ਲੋੜ ਅਤੇ ਮਹੱਤਤਾ ਨੂੰ ਦਰਸਾਉਦੀਆ ਹਨ।

**1. ਵਿਦਿਆਰਥੀਆ ਦੀਆ ਗਤੀਵਿਧੀਆ ਨੂੰ ਅਰਥਪੂਰਨ ਬਣਾਉਣ ਲਈ–** ਵਿਦਿਆਰਥੀਆਂ ਦੀਆਂ ਗਤੀਵਿਧੀਆ ਨੂੰ ਅਰਥਪੂਰਨ ਬਣਾਉਣ ਲਈ ਅਸੀਂ ਉਹਨਾਂ ਦੇ ਪੂਰਵ ਗਿਆਨ ਅਤੇ ਉਨਾ ਦੇ ਤਜਰਬੇ ਨੂੰ ਆਪਸ ਵਿਚ ਜੋੜ ਸਕਦੇ ਹਨ।ਮਾਹਿਰ ਨਮੂਨਾ ਪੇਸ਼ ਕਰਨ ਲਈ ਵਿਦਿਆਰਥੀਆ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਉਨਾ ਨੇ ਵਿਅਕਤੀਗਤ ਹੋਰ ਤੇ ਕੋਈ ਵੀ ਅਸੀ ਵਿਦਿਆਰਥੀਆ ਨੂੰ ਵੱਖ–ਵੱਖ ਸਿੱਖਣ ਕਿਰਿਆਵਾ ਨਾਲ ਜੋੜ ਸਕਦੇ ਹਾਂ।

**2. ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ–** ਮੁਕਾਬਲੇ ਦੀ ਭਾਵਨਾ ਦਾ ਵਿਚਾਰ ਵਿਦਿਆਰਥੀਆ ਦੇ ਸਵੈਂ ਨੂੰ ਮਾਪਣਾ ਜਾਂ ਜਾਣਨਾ ਮਾਹਰ ਬਣਾਉਣ ਲਈ ਇਹ ਜਰੂਰੀ ਹੈ ਕਿ ਉਨਾ ਨੂੰ ਸੌਂਪੀਆ ਹੋਈਆ ਗਤੀਵਿਧੀਆ ਵਿੱਚ ਨਿਪੁੰਨ ਕੀਤਾ ਜਾਵੇ,ਕਿਸੇ ਕਿਰਿਆ ਨੂੰ ਕਿਵੇਂ ਕਰਨਾ ਹੈ।ਇਸ ਦਾ ਪ੍ਰਦਰਸ਼ਨ ਕਰਕੇ ਵਿਖਾਇਆ ਜਾਵੇ।

**3. ਖੁਦਮੁੱਖਤਿਆਰੀ ਮੁੱਹਈਆ ਕਰਨ ਲਈ–** ਖੁਦਮੁੱਖਤਿਆਰੀ ਸਹਿਯੋਗ ਦੀ ਭਾਵਨਾ ਵਿਦਿਆਰਥੀ ਕਰਨਾ ਹੈ ਕਿ ਉਨ੍ਹਾਂ ਨੇ ਆਪਣੇ ਵਿਹਾਰ ਉੱਤੇ ਕਿਵੇਂ ਨਿੰਯਤਰਣ ਰੱਖਣਾ ਹੈ।ਇਹ ਵਿਦਿਆਰਥੀਆ ਦੇ ਵਿਚਾਰਾ ਦਾ ਸੁਆਗਤ ਕਰਦੀ ਹੈ ਅਤੇ ਉਨਾ ਨੂੰ ਲਾਗੂ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ।

**4. ਆਪਸੀ ਸਹਿਯੋਗ ਦੁਆਰਾ ਸਿੱਖਣ ਦੀ ਭਾਵਨਾ ਵਿਕਸਿਤ ਕਰਨ ਲਈ–** ਆਪਸੀ ਸਹਿਯੋਗ ਵੀ ਵਿਦਿਆਰਥੀਆ ਨੰ ਸਿੱਖਣ ਕਿਰਿਆਵਾ ਨਾਲ ਜੋੜਨ ਲਈ ਸ਼ਕਤੀਸਾਲੀ ਤੱਤ ਹੈ।ਜਦੋ ਵਿਦਿਆਰਥੀਆ ਦੂਜਿਆ ਦੇ ਨਾਲ ਵਧੀਆ ਢੰਗ ਨਾਲ ਮਿਲਕੇ ਕੰਮ ਕਰਨਗੇ ਤਾ ਉਨਾ ਦੇ ਅੰਦਰ ਵਧੀਆ ਢੰਗ ਨਾਲ ਕੰਮ ਕਰਨ ਦੀ ਭਾਵਨਾ ਦਾ ਵਿਕਾਸ ਹੋਵੇਗਾ।


**5. ਸਾਕਾਰਤਮਕ ਅਧਿਆਪਕ ਵਿਦਿਆਰਥੀ ਸੰਬੰਧ ਸਥਾਪਿਤ ਕਰਨ ਲਈ:–**ਜੇਕਰ ਅਧਿਆਪਕ ਸੰਬੰਧੀ ਬਹੁਤ ਵਧੀਆ ਹੈ ਤਾਂ ਵਿਦਿਆਰਥੀ ਦਾ ਸਿੱਖਣਾ ਪ੍ਰਭਾਵਸ਼ਾਲੀ ਹੁੰਦਾ ਹੈ।ਅਧਿਆਪਕ ਵਿਦਿਆਰਥੀਆ ਦੀ ਜਰੂਰਤਾ ਨੂੰ ਸਮਝਦਾ ਹੋਇਆ ਉਹਨਾਂ ਦੀਆ ਇੱਛਾਵਾ ਦੇ ਅਨੁਸਾਰ ਉਨਾ ਨੂੰ ਕੰਮ ਕਰਨ ਲਈ ਦੇਵੇਗਾ ਅਤੇ ਉਨਾ ਵਿਚਕਾਰ ਤਾਲਮੇਲ ਅਤੇ ਆਪਣੇਪਨ ਦੀ ਭਾਵਨਾ ਦਾ ਵਿਕਾਸ ਹੋਵੇਗਾ।

**6. ਵਿਦਿਆਰਥੀਆ ਵਿੱਚ ਮਾਹਿਰਤਾ ਪੈਦਾ ਕਰਨ ਲਈ–** ਵਿਦਿਆਰਥੀਆ ਦਾ ਸਿੱਖਣ ਕਿਰਿਆਵਾ ਵਿੱਚ ਸ਼ਾਮਿਲ ਹੋਣਾ ਜਾ ਭਾਗ ਲੈਣਾ ਉਨਾ ਦੀ ਕਿਸੇ ਕੰਮ ਪ੍ਰਤੀ ਸਮਰਪਿਤਤਾ ਦੀ ਭਾਵਨਾ ਨੂੰ ਨਿਰਧਾਰਿਤ ਕਰਦਾ ਹੈ।ਜੇਕਰ ਨਾਂ ਕਿ ਵਧੀਆ ਅੰਕ ਲੈਣਾ ਵਿਦਿਆਰਥੀਆ ਦੇ ਵਿੱਚ ਮੁਹਾਰਤ ਉਤਸ਼ਾਹਿਤ ਕਰਨ ਲਈ ਭਿੰਨ–ਭਿੰਨ ਪਹੁੰਚਾ ਨੂੰ ਵਰਤਿਆ ਜਾ ਸਕਦਾ ਹੈ।

**2.3.5 ਸਿੱਖਿਅਕ ਲਿਖਣ ਦੀਆ ਕਿਸਮਾਂ**


ਸਿਖਿਅਕ ਲਿਖਣ ਦੀਆ ਬਹੁਤ ਸਾਰੀਆ ਕਿਸਮਾਂ ਹਨ,ਮਹੱਤਵਪੂਰਨ ਕਿਸਮਾਂ ਹੇਠ ਲਿਖੀਆ ਹਨ-

1. ਲੇਖ/ ਨਿਬੰਧ
2. ਖੋਜ ਪੱਤਰ
3. ਕਾਨਫਰੰਸ ਪੱਤਰ
4. ਅਕਾਦਮਿਕ ਜਰਨਲ
5. ਥੀਸਿਸ ਅਤੇ ਡੇਜਰਟੇਸ਼ਨ
6. ਐਬਸਟਰੈਕਟ
7. ਐਕਸਪਲੀਕੇਸ਼ਨ




**(2.3.5) (I). ਲੇਖ/ਨਿਬੰਧ-** ਲੇਖ ਅਜਿਹਾ ਅਕਾਦਮਿਕ ਪਰਚਾ ਹੁੰਦਾ ਹੈ,ਜੋ ਕਿਸੇ ਪ੍ਰਸ਼ਨ ਦਾ ਉੱਤਰ ਦੇਣ ਲਈ ਜਾਂ ਕਿਸੇ ਵਿਚਾਰਧਾਰਾ ਨੂੰ ਲਿਖਤੀ ਰੂਪ ਵਿਚ ਦੇਣ ਲਈ ਪ੍ਰਯੋਗ ਕੀਤਾ ਜਾਦਾ ਹੈ।ਲੇਖ ਲਖਾਈ ਵਿਚ ਇਕ ਪੇਜ਼ ਦਾ ਵੀ ਹੋ ਸਕਦਾ ਹੈ ਅਤੇ ਇਸ ਨੂੰ 1000-5000 ਸ਼ਬਦਾ ਵਿੱਚ ਵੀ ਲਿਖਿਆ ਜਾ ਸਕਦਾ ਹੈ।

**ਲੇਖ ਲਿਖਣ ਦੇ ਪੜਾਅ:-**




ਕੈਥੀ ਲਿਵਿੰਗ ਸਟੋਨ ਦੇ ਅਨੁਸਾਰ-ਸਫਲਤਾਪੂਰਕ ਲੇਖ ਨੂੰ ਲਿਖਣ ਦੇ ਸੱਤ ਪੜਾਅ ਹਨ।

**(ੳ) ਵਿਸ਼ੇ ਦੀ ਚੋਣ-** ਸਭ ਤੋ ਪਹਿਲਾ ਵਿਸ਼ਾ ਦਿੱਤਾ ਜਾਦਾ ਹੈ ਅਤੇ ਇਹ ਸੁਤੰਤਰਤਾ ਪ੍ਰਦਾਨ ਕੀਤੀ ਜਾਦੀ ਹੈ।ਕਿ ਦਿੱਤੇ ਹੋਏ ਵਿਸ਼ੇ ਦੇ ਉਪਰ ਆਪਣੇ ਸ਼ਬਦਾ ਦੇ ਵਿਚ ਲਿਖਣ ਲਈ ਕਿਹਾ ਜਾਦਾ ਹੈ।ਜੇਕਰ ਵਿਸ਼ਾ ਆਪ ਚੁਣ ਲਿਆ ਗਿਆ ਹੈ ਤਾਂ ਵਿਸ਼ੇ ਬਾਰੇ ਲਿਖਣ ਤੋ ਪਹਿਲਾ ਕੁੱਝ ਸਮਾਂ ਸੋਚਣਾ ਚਾਹੀਦਾ ਹੈ ਅਤੇ ਰਫ਼ ਪਰਚਾ ਬਣਾ ਲੈਣਾ ਚਾਹੀਦਾ ਹੈ।

**(ਅ) ਆਪਣੇ ਵਿਚਾਰਾਂ ਦਾ ਨਕਸ਼ਾ ਬਣਾਉਣਾ-** ਇਕ ਸਫਲਤਾਪੂਰਕ ਲੇਖ ਲਿਖਣ ਲਈ ਸਭ ਤੋ ਪਹਿਲਾ ਤੁਹਾਨੂੰ ਆਪਣੇ ਵਿਚਾਰਾ ਨੂੰ ਸੰਗਠਿਤ ਕਰਨਾ ਚਾਹੀਦਾ ਹੈ।ਫੇਰ ਆਪਣੇ ਵਿਚਾਰਾ ਦਾ ਜੋੜ ਕਰਨਾ ਚਾਹੀਦਾ ਹੈ।

**(ੲ) ਆਪਣੇ ਥੀਸਿਸ ਦਾ ਕਥਨ ਲਿਖਣਾ-** ਵਿਸ਼ੇ ਦੀ ਚੋਣ ਅਤੇ ਵਿਚਾਰਾ ਨੂੰ ਸੰਗਠਿਤ ਕਰਨ ਤੋ ਬਾਅਦ ਥੀਸਿਜ ਦਾ ਕਥਨ ਲਿਖਣਾ ਚਾਹੀਦਾ ਹੈ।ਥੀਸਿਜ ਕਥਨ ਦੇ ਦੋ ਭਾਗ ਹਨ- ਪਹਿਲਾ ਭਾਗ ਤੁਹਾਡੇ ਵਿਸ਼ੇ ਨੂੰ ਬਿਆਨ ਕਰੇਗਾ ਦੂਸਰੇ ਭਾਗ ਦੇ ਤੁਹਾਡੇ ਵਿਚਾਰਾ ਨੂੰ।

**(ਸ) ਢਾਂਚਾ ਤਿਆਰ ਕਰਨਾ-** ਮੁੱਖ ਢਾਂਚੇ ਵਿਚ ਤੁਸੀ ਆਪਣੇ ਵਿਚਾਰਾ ਨੂੰ ਰੱਖ ਸਕਦੇ ਹੋ ਅਤੇ ਵਿਆਖਿਅਤ ਕਰ ਸਕਦੇ ਹੋ ਹਰੇਕ ਮੁੱਖ ਵਿਚਾਰ ਨੂੰ ਇਕ ਰੇਖਾਚਿੱਤਰ ਰਾਹੀ ਵੀ ਦਰਸਾਇਆ ਜਾ ਸਕਦਾ ਹੈ।ਹਰੇਕ ਪੈਰੇ ਦਾ ਮੁੱਖ ਢਾਚਾ ਲਗਭਗ ਇਕੋ ਜਿਹਾ ਹੀ ਹੁੰਦਾ ਹੈ।

**(ਹ) ਭੂਮਿਕਾ ਲਿਖਣਾਂ-** ਲੇਖ ਦੀ ਭੂਮਿਕਾ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ ਕਿਉਕਿ ਇਹ ਪੜ੍ਹਨ ਵਾਲੇ ਦਾ ਧਿਆਨ ਕੇਂਦਰਿਤ ਕਰਦੀ ਹੈ।

**(ਕ) ਨਤੀਜਾ ਲਿਖਣਾ-** ਨਤੀਜਾ ਸੰਖੇਪ ਹੋਣਾ ਚਾਹੀਦਾ ਹੈ ਅਤੇ ਤੁਹਾਡੇ ਥੀਸਿਜ ਨੂੰ ਮੁੱਖ ਅਤੇ ਘੱਟ ਸ਼ਬਦਾ ਵਿਚ ਬਿਆਨ ਕਰਦਾ ਹੋਣਾ ਚਾਹੀਦਾ ਹੈ।ਇਹ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਵਾਲਾ ਹੋਵੇ।

**(ਖ) ਸਮਾਪਤੀ-** ਲੇਖ ਲਿਖਣ ਤੋ ਬਾਅਦ ਅੰਤ ਵਿਚ ਲੇਖ ਵਿੱਚ ਲਿਖੇ ਹਰੇਕ ਸ਼ਬਦ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**2.3.5 (II) ਖੋਜ ਪੱਤਰ –** ਖੋਜ ਪੱਤਰ ਇਕ ਲੇਖ ਦਾ ਹੀ ਵਿਕਸਿਤ ਰੂਪ ਹੈ ਜਿਹੜਾ ਕਿ ਤੁਹਾਡੇ ਵਿਚਾਰਾਂ ਮੁਲਾਂਕਣ ਅਤੇ ਸਮਝ ਨੂੰ ਬਿਆਨ ਕਰਦਾ ਹੈ।ਇਕ ਖੋਜ ਪੱਤਰ ਨੂੰ ਕਿਵੇ ਲਿਖਣਾ ਹੈ ਉਸ ਵਿੱਚ ਕਿਹੜੇ ਕਿਹੜੇ ਪ੍ਰਸ਼ਨ ਸ਼ਾਮਿਲ ਕਰਨੇ ਹਨ ਅਤੇ ਖੋਜ ਪੱਤਰ ਲਿੱਖਣ ਲਈ ਕਿਹੜੇ-ਕਿਹੜੇ ਪ੍ਰਸ਼ਨ ਸ਼ਾਮਿਲ ਕਰਨੇ ਹਨ।ਇਸ ਬਾਰੇ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**ਖੋਜ ਪੱਤਰ ਨੂੰ ਲਿੱਖਣ ਦੇ ਹੇਠ ਲਿਖੇ ਪੜਾਅ ਹਨ–**

**(ੳ) ਵਿਸ਼ੇ ਨੂੰ ਚੁਣਨਾ–** ਸਭ ਤੋ ਪਹਿਲਾ ਵਿਸ਼ੇ ਨੂੰ ਧਿਆਨ ਪੂਰਵਕ ਚੁਣੋ।ਵਿਸ਼ੇ ਦੀ ਚੋਣ ਸਮੇ ਪੇਪਰ ਦੀ ਲੰਬਾਈ ਸ੍ਰੋਤੇ ਅਤੇ ਕਿਹੜੇ ਸੋਮਿਆ ਦੀ ਵਰਤੋ ਕਰਨੀ ਹੈ ਅਤੇ ਇਸ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।ਵਿਵਾਦ ਪੂਰਵਕ ਅਤੇ ਤਕਨੀਕੀ ਸ਼ਬਦਾ ਦੀ ਵਰਤੋ ਤੇ ਗੁਰੇਜ ਕਰਨਾ ਚਾਹੀਦਾ ਹੈ।

**(ਅ) ਵਿਸ਼ੇ ਨੂੰ ਸੰਖੇਪਤ ਕਰਨ–** ਖੋਜ ਪੱਤਰ ਇਸ ਗੱਲ ਨਾਲ ਸੰਬੰਧਿਤ ਹੈ ਕਿ ਤੁਸੀ ਕਿਸੇ ਵਿਸ਼ੇ ਬਾਰੇ ਕੀ ਕਹਿਣਾ ਚਾਹੁੰਦੇ ਹਨ।ਇਸ ਵਿਚ ਹੇਠ ਲਿਖੇ ਪ੍ਰਸ਼ਨ ਵੀ ਸ਼ਾਮਿਲ ਹੋ ਸਕਦੇ ਹਨ।

(1) ਕਿਹੜੇ ਮਹੱਤਵਪੂਰਨ ਲੋਕ ਸ਼ਾਮਿਲ ਕਰਨੇ ਹਨ?

(2) ਮੁੱਖ ਮੁੱਦੇ ਕਿਹੜੇ ਹਨ?

**(ੲ) ਉਦੇਸ਼ ਨਿਰਧਾਰਿਤ ਕਰਨੇ–** ਉਦੇਸ਼ ਵਿਸ਼ੇ ਦੇ ਅਨੁਸਾਰ ਹੋਣੇ ਚਾਹੀਦੇ ਹਨ।

**(ਸ) ਪੁਸਤਕ ਸੂਚੀ ਤਿਆਰ ਕਰਨੀ–** ਪੁਸਤਕ ਸੂਚੀ ਵਿਚ ਉਨਾ ਸੋਮਿਆ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।ਜਿਨਾ ਨੂੰ ਤੁਸੀ ਖੋਜ ਲਿਖਣ ਲਈ ਵਰਤੋ ਵਿਚ ਲਿਆਉਦਾ ਹੈ।

**(ਹ) ਨੋਟਿਸ ਤਿਆਰ ਕਰਨੇ:–** ਸਮੱਗਰੀ ਇੱਕਠੀ ਕਰਨ ਤੋਂ ਮਗਰੋਂ ਤੁਹਾਨੂੰ ਨੋਟਿਸ ਤਿਆਰ ਕਰ ਲੈਣੇ ਚਾਹੀਦੇ ਹਨ।


**(ਕ) ਪੱਤਰ ਨੂੰ ਰੇਖਾ ਚਿੱਤਰ ਕਰਨਾ:–** ਕਿਸੇ ਵੀ ਪੇਪਰ ਨੂੰ ਰੇਖਾਚਿੱਤਰ ਕਰਨਾ ਉਸ ਉੱਤੇ ਬਲਕਿ ਉਸਤੋਂ ਵੀ ਜ਼ਿਆਦਾ ਗੁੰਝਲਦਾਰ ਹੈ ਕਿਉਂਕਿ ਹਰੇਕ ਵਿਸ਼ੇ ਨੂੰ ਅੱਗੇ ਕਈ ਉਪਵਿਸ਼ਿਆ ਵਿਚ ਵੰਡਿਆ ਜਾਂਦਾ ਹੈ ਇਸ ਲਈ ਜ਼ਰੂਰੀ ਹੈ ਕਿ ਹਰ ਇਕ ਉਪਵਿਸ਼ੇ ਦੇ ਵੱਖ-ਵੱਖ ਭਾਗ ਬਣਾ ਲਏ ਜਾਣ ਅਤੇ ਹਰ ਇਕ ਭਾਗ ਨਾਲ ਸੰਬੰਧਿਤ ਜਾਣਕਾਰੀ ਨੂੰ ਅਲੱਗ-ਅਲੱਗ ਫੋਲਡਰ ਵਿਚ ਰੱਖਿਆ ਜਾਵੇ।

**(ਖ) ਰਫ਼ ਡਰਾਫਟ ਲਿਖਣਾ:–** ਜਦੋਂ ਤੁਸੀ ਰੇਖਾ ਚਿੱਤਰ ਬਣਾ ਲਿਆ ਹੈ ਤਾਂ ਉਸ ਉਪਰ ਤੁਸੀਂ ਰਫ਼ ਡਰਾਫਟ ਬਣਾ ਕੇ ਲਿਖਣਾ ਸ਼ੁਰੂ ਕਰੋਗੇ। ਪਰ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਰਫ਼ ਡਰਾਫਟ ਨੂੰ ਵਾਰ-ਵਾਰ ਦੁਹਰਾਇਆ ਜਾਵੇ। ਇਸ ਪੜਾਅ ਤੇ ਤੁਹਾਨੂੰ ਅੱਖਰਾਂ ਅਤੇ ਵਿਸ਼ਰਾਮ ਚਿੰਨ੍ਹਾਂ ਆਦਿ ਤੇ ਜ਼ਿਆਦਾ ਧਿਆਨ ਦੇਣ ਦੀ ਜਰੂਰਤ ਨਹੀਂ। ਤੁਹਾਨੂੰ ਖੋਜ਼ ਪੱਤਰ ਦੇ ਵਿਸ਼ਾ ਵਸਤੂ ਉਪਰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

**(ਗ) ਖੋਜ ਪੱਤਰ ਦੀ ਸੁਧਾਈ ਕਰਨੀ:–** ਖੋਜ਼ ਪੱਤਰ ਦੇ ਰਫ਼ ਡਰਾਫਟ ਨੂੰ ਬਣਾਉਣ ਅਤੇ ਦੁਹਰਾਉਣ ਤੋਂ ਬਾਅਦ ਤੁਸੀਂ ਉਸ ਵਿਚ ਸੋਧ ਕਰ ਸਕਦੇ ਹੋ। ਖੋਜ਼ ਪੱਤਰ ਦੇ ਵਿਸ਼ਾ-ਵਸਤੂ ਅਤੇ ਵਿਚਾਰਾਂ ਦੇ ਸੰਗਠਨ ਉੱਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਇਹ ਦੇਖਣਾ ਚਾਹੀਦਾ ਹੈ ਕਿ ਹਰ ਇਕ ਪੈਰ੍ਹਾ ਖੀਸਿਜ਼ ਦੇ ਨਾਲ ਸੰਬੰਧਿਤ ਹੈ? ਹਰ ਇਕ ਵਿਚਾਰ ਨਾਲ ਕੋਈ ਸੰਬੰਧੀ ਸਬੂਤ ਹੈ?

**(ਘ) ਅੰਤਿਮ ਖਰੜਾ (ਡਰਾਫਟ) ਲਿਖਣਾ:–** ਖੋਜ-ਪੱਤਰ ਦੇ ਅੰਤਿਮ ਖਰੜੇ ਨੂੰ ਟਾਈਪ ਕੀਤਾ ਜਾਣਾ ਚਾਹੀਦਾ ਹੈ, ਪੇਜਾਂ ਨੂੰ ਕ੍ਰਮ ਅਨੁਸਾਰ ਲਿਖਣਾ ਚਾਹੀਦਾ ਹੈ, ਹਵਾਲੇ ਅਤੇ ਪੁਸਤਕ ਸੂਚੀ ਲਿਖਣੀ ਚਾਹੀਦੀ ਹੈ, ਸਿਰਲੇਖ ਪੰਨੇ ਉੱਤੇ ਖੋਜ-ਪੱਤਰ ਦਾ ਸਿਰਲੇਖ, ਖੋਜ-ਪੱਤਰ ਲਿਖਣ ਵਾਲੇ ਦਾ ਨਾਂ, ਉਸਦੇ ਕੋਰਸ ਦਾ ਨਾਂ, ਉਸਦੇ ਨਿਗਰਾਨ ਦਾ ਨਾਂ ਅਤੇ ਖੋਜ-ਪੱਤਰ ਲਿਖਣ ਦੀ ਮਿਤੀ ਲਿਖੀ ਜਾਣੀ ਚਾਹੀਦੀ ਹੈ।

**2.3.5 (III) ਕਾਨਫਰੰਸ ਪੱਤਰ:-** ਕਾਨਫਰੰਸ ਪੱਤਰ ਉਨ੍ਹਾਂ ਆਰਟੀਕਲਾਂ ਨਾਲ ਸੰਬੰਧਿਤ ਹੈ ਜਿਹੜੇ ਕਿ ਕਿਸੇ ਖਾਸ ਸਥਾਨ ਉੱਤੇ ਕਿਸੇ ਖਾਸ ਖੇਤਰ ਪੜ੍ਹਨ ਲਈ ਲਿਖੇ ਜਾਦੇ ਹਨ। ਇਨ੍ਹਾਂ ਦੇ ਵਿਚ ਮੌਖਿਕ ਪ੍ਰਦਰਸ਼ਨ, ਟੇਬਲ ਵਿਚਾਰ ਵਟਾਂਦਰਾ ਅਤੇ ਪੋਸਟਰ ਪ੍ਰਦਰਸ਼ਨ ਆਦਿ ਸ਼ਾਮਿਲ ਹੈ।




ਕਾਨਫਰੰਸ ਪੱਤਰ ਲਿਖਣ ਦੇ ਹੇਠ ਲਿਖੇ ਪੜਾਅ ਹਨ:-

1) ਵਿਸ਼ੇ ਦੀ ਚੋਣ
2) ਲਿਖਣਾ ਜਾਂ ਪੱਤਰ ਜਮ੍ਹਾਂ ਕਰਵਾਉਣਾ
3) ਸੰਬਧਿਤ ਸਮੱਗਰੀ ਨੂੰ ਉਪਯੋਗ ਵਿਚ ਲਿਆਉਣਾ
4) ਹਵਾਲੇ

**2.3.5 (iv) ਅਕਾਦਿਮਕ ਜਰਨਲ:-** ਅਕਾਦਮਿਕ ਜਰਨਲ ਨੂੰ ਅਕਾਦਮਿਕ ਯੋਗਤਾ ਜਾਂ ਮਾਹਰ ਗਿਆਨ ਵਾਲੇ ਕਿਸੇ ਵਿਅਕਤੀ ਦੁਆਰਾ ਲਿਖਿਆ ਜਾਂਦਾ ਹੈ। ਇਹ ਸਬੂਤਾਂ 'ਤੇ ਆਧਾਰਿਤ ਹੁੰਦਾ ਹੈ। ਵਿਗਿਆਨਿਕ ਜਰਨਲ ਜ਼ਿਆਦਾਤਰ ਕਿਸੇ ਨਵੀਂ ਖੋਜ਼ ਨਾਲ ਸੰਬੰਧਿਤ ਹੁੰਦੇ ਹਨ।

**2.3.5 (v) ਡਿਜਰਟਰੇਸ਼ਨ ਅਤੇ ਥੀਸਿਜ:-** ਇਹ ਲੇਖਣ ਦਾ ਇੱਕ ਸੰਗਠਿਤ ਟੁੱਕੜਾ/ਭਾਗ ਹੈ ਜਿਹੜਾ ਕਿ ਕਿਸੇ ਵਿਚਾਰ ਜਾਂ ਵਿਚਾਰਧਾਰਾ ਨੂੰ ਸਪਸ਼ਟ ਕਰਦਾ ਹੈ। ਡਿਜਰਟੇਸ਼ਨ ਲਿਖਤ ਦਾ ਇਕ ਵਿਸਤ੍ਰਿਤ ਰੂਪ ਹੈ ਜਿਸਨੂੰ ਅੱਗੇ ਵੀ ਕਈ ਚੈਪਟਰਾਂ ਵਿਚ ਵੰਡਿਆ ਜਾਂਦਾ ਹੈ ਅਤੇ ਹਰੇਕ ਚੈਪਟਰ ਵਿਚ ਉਸ ਨਾਲ ਸੰਬੰਧਿਤ ਜਾਣਕਾਰੀ ਨੂੰ ਲਿਖਿਆ ਜਾਂਦਾ ਹੈ। ਸੋ ਖੋਜ਼ ਪੱਤਰ ਦੇ ਸਿਰਲੇਖ ਧਿਆਨ ਨਾਲ ਚੁਣਨਾ ਚਾਹੀਦਾ ਹੈ ਅਤੇ ਉਸ ਲਾਲ ਸੰਬੰਧਿਤ ਸਮੱਗਰੀ ਦੇ ਕਿਹੜੇ-ਕਿਹੜੇ ਸੋਮੇ ਹਨ, ਤੁਹਾਡੇ ਖੋਜ਼ ਪੱਤਰ ਨਾਲ ਸੰਬੰਧਿਤ ਵਿਧੀ (Methodology) ਸਪੱਸ਼ਟ ਹੋਣੀ ਚਾਹੀਦੀ ਹੈ। ਤੁਹਾਨੂੰ ਸੰਬੰਧਿਤ ਜਾਣਕਾਰੀ ਨੂੰ ਕਿਵੇ ਇੱਕਠਾ ਕਰਨਾ ਹੈ, ਅਤੇ ਕਿਵੇ ਉਸਦਾ ਮੁਲਾਂਕਣ ਕਰਨਾ ਹੈ ਇਹਨਾਂ ਸਭ ਗਲ੍ਹਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

**2.3.5 (vi) ਐਬਸਟ੍ਰੈਕਟ:-** ਐਬਸਟੈਕਟ ਕਿਸੇ ਵੀ ਖੋਜ-ਪੱਤਰ, ਥੀਸਿਜ਼, ਰਿਵਿਊ, ਕਾਨਫਰੰਸ, ਪੇਪਰ ਦਾ ਸੰਖੇਪ ਰੂਪ ਹੈ। ਕਿਸੇ ਵੀ ਖੋਜ-ਪੱਤਰ, ਥੀਸਿਜ਼, ਰਿਵਿਊ ਅਤੇ ਕਾਨਫਰੰਸ ਪੇਪਰ ਦਾ ਡੂੰਘਾਈ ਵਿਚ ਵਿਸ਼ੇਲਸ਼ਣ ਕਰਨ ਤੋਂ ਬਾਅਦ ਐਬਸਟਰੈਕਟ ਲਿਖਿਆ ਜਾਂਦਾ ਹੈ ਇਸਨੂੰ ਲਿਖਣ ਦਾ ਮੁੱਖ ਉਦੇਸ਼ ਇਹ ਹੈ ਕਿ ਪੜ੍ਹਨ ਵਾਲਾ ਆਸਾਨੀ ਨਾਲ ਬੜੀ ਛੇਤੀ ਖੋਜ਼ ਪੱਤਰ, ਕਾਨਫਰੰਸ, ਥੀਸਿਜ਼ ਅਤੇ ਰਿਵਿਊ ਸਮਝ ਸਕੇ। ਇਸਨੂੰ ਅਕਾਦਮਿਕ

ਪੇਪਰ, ਖੋਜ-ਪੱਤਰ, ਥੀਸਿਜ਼, ਕਾਨਫਰੰਸ ਅਤੇ ਰਿਵਿਊ ਦੇ ਸ਼ੁਰੂ ਵਿਚ ਲਿਖਿਆ ਜਾਂਦਾ ਹੈ। ਇਕ ਸਫਲ ਐਬਸਟਰੈਕਟ ਲਿਖਣਾ ਬਹੁਤ ਔਖਾ ਕੰਮ ਹੈ।

**2.3.5 (vii) ਐਕਸਪਲੀਕੇਸ਼ਨ:-** ਐਕਸਪਲੀਕੇਸ਼ਨ ਇਕ ਤਰ੍ਹਾਂ ਦਾ ਲਘੂ ਲੇਖ ਹੀ ਹੈ। ਇਸਦੇ ਇੱਕ ਜਾ ਦੋ ਪੈਰ੍ਹੇ ਹੁੰਦੇ ਹਨ। ਇਕ ਐਕਸ. ਵਿਚ ਤੁਸੀ ਕੋਈ ਇਕ ਸੱਮਸਿਆਂ ਜਾ ਵਿਸ਼ਾ ਲੈ ਸਕਦੇ ਹੋ ਅਤੇ ਉਸ ਉਪਰ ਆਪਣੇ ਵਿਚਾਰ ਪੇਸ਼ ਕਰ ਸਕਦੇ ਹੋ। ਐਕਸਪਲੀਕੇਸ੍ਨ ਨੂੰ ਲਿਖਦੇ ਸਮੇ ਹੇਠਾਂ ਲਿਖਿਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ-

(1) ਲੇਖਕ ਅਤੇ ਕੰਮ ਦਾ ਨਾਂ।
(2) ਵਿਚਾਰਧਾਰਾਂ ਨਾਲ ਸੰਬੰਧਿਤ ਵਿਚਾਰਾਂ ਨੂੰ ਸੰਗਠਿਤ ਕਰਨਾ।
(3) ਇਸ ਵਿਚ ਨਤੀਜਾ ਲਿਖਣ ਦੀ ਕੋਈ ਜਰੂਰਤ ਨਹੀ।

**2.3.6 ਸਿੱਖਿਅਕ ਲਿਖਣ ਨੂੰ ਸੁਧਾਰਨ ਲਈ ਸੁਝਾਅ**

ਸਿੱਖਿਆ ਲਿਖਣ ਨੂੰ ਸੁਧਾਰਨ ਲਈ ਹੇਠ ਲਿਖੇ ਸੁਝਾਅ ਹਨ:-

- ਵਿਦਿਆਰਥੀਆਂ ਨੂੰ ਇਹ ਜਾਣੂ ਕਰਵਾਉਣਾ ਕਿ ਉਨ੍ਹਾਂ ਦੀ ਲਿੱਖਣ ਦੀ ਬਹੁਤ ਮਹੱਤਤਾ ਹੈ ।ਹਰੇਕ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲਿਖਣ ਸੰਬੰਧੀ ਕਲਾ ਬਾਰੇ ਜਾਣੂ ਕਰਵਾਉਣ।
- ਪ੍ਰਤੀਦਿਨ ਵਿਦਿਆਰਥੀਆਂ ਨੂੰ ਜਮਾਤ ਦੇ ਕਮਰੇ ਵਿਚ ਲਿੱਖਣ ਦਾ ਅਭਿਆਸ ਕਰਨ ਲਈ ਕੰਮ ਸੌਂਪਿਆ ਜਾਵੇ, ਸੰਬੰਧਿਤ ਪ੍ਰਸ਼ਨ ਪੁੱਛੇ ਜਾਣ ਅਤੇ ਉਨ੍ਹਾਂ ਦੀਆਂ ਕੌਸਲਾਂ ਨੂੰ ਸੁਧਾਰਨ ਸੰਬੰਧੀ ਯਤਨ ਕੀਤੇ ਜਾਣ।
- ਲਿਖਣ ਦੀ ਕਿਰਿਆਂ ਦੇ ਦੌਰਾਨ ਵਿਦਿਆਰਥੀਆਂ ਦੀ ਸਮੇਂ-2 ਤੇ ਅਗਵਾਈ ਕੀਤੀ ਜਾਵੇ। ਉਨ੍ਹਾਂ ਨੇ ਕਿਸੇ ਵਿਸ਼ੇ ਨੂੰ ਕਿਵੇ ਚੁਣਨਾ ਹੈ, ਕਿਵੇ ਉਸ ਉਤੇ ਲਿਖਣਾ ਹੈ ਆਦਿ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।
- ਜਮਾਤ ਵਿੱਚ ਵਿਦਿਆਰਥੀਆਂ ਨੂੰ ਕਹੋ ਕਿ ਉਹ ਦੁਸਰੇ ਵਿਦਿਆਰਥੀਆਂ ਦੇ ਕੰਮ ਦਾ ਵੀ ਵਿਸ਼ਲੇਸ਼ਣ ਕਰਨ। ਜਮਾਤ ਵਿੱਚ ਵਿਦਿਆਰਥੀਆਂ ਨੂੰ ਅਲੱਗ-2 ਭਾਗਾਂ (ਗਰੁਪਾਂ) ਦੇ ਵਿਚ ਵੰਡ ਦਿੱਤਾ ਜਾਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦੇ ਵਿਚਾਰ ਕਿਸੇ ਵੀ ਵਿਸ਼ੇ ਬਾਰੇ ਸੱਪਸ਼ਟ ਹੋ ਜਾਣ।
- ਵਿਦਿਆਰਥੀਆਂ ਦੀ ਲਿਖਣ ਦੀ ਕਲਾ ਵਿਚ ਸੁਧਾਰ ਲੈ ਕੇ ਆਉਣਾ ਵੀ ਇਕ ਜਿੰਮੇਵਾਰੀ ਹੈ ਇਹ ਜਿੰਮੇਵਾਰੀ ਸੰਸਥਾਂ ਦੇ ਮੈਬਰਾਂ ਦੀ ਹੈ। ਉਹ ਵਿਦਿਆਰਥੀਆਂ ਨੂੰ ਲਿਖਣ ਕੋਸ਼ਲ ਦੇ ਵਿਚ ਸੁਧਾਰ ਲੈ ਕੇ ਆਉਣ ਵਿਚ ਸਹਾਇਕ ਹੋ ਸਕਦੇ ਹਨ।
- ਜੋ ਅਧਿਆਪਕ ਕਿਸ਼ੇ ਵਿਸ਼ੇ ਉਪਰ ਲਿੱਖ ਰਹੇ ਹਨ ਉਨ੍ਹਾਂ ਦੀ ਚੋਣ ਕਰਨਾ ਤਾਂ ਜੋ ਉਨ੍ਹਾਂ ਦੀਆਂ ਲਿਖਤਾਂ ਰਾਹੀ ਵਿਦਿਆਰਥੀਆਂ ਦੀ ਲਿਖਣ ਕੋਸਲ ਵਿਚ ਸੁਧਾਰ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਸਮੇਂ-2 ਤੇ ਹਿਦਾਇਤਾ ਦਿਤੀਆਂ ਜਾਣ।
- ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲਿਖਤਾ ਬਾਰੇ ਗੱਲਬਾਤ ਕਰਨ ਦਾ ਮੌਕਾ ਦਿਤਾ ਜਾਵੇ ਤਾਂ ਜੋ ਉਹ ਆਪਣੇ ਵਿਚਾਰਾਂ ਨੂੰ ਵਧੀਆਂ ਢੰਗ ਨਾਲ ਵਿਅਕਤ ਕਰ ਸਕਣ। ਉਨਾਂ ਨੂੰ 4-5 ਮਿੰਟ ਸੋਚਣ ਲਈ ਵੀ ਦਿੱਤੇ ਜਾਣ।
- ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਮ ਦੀ ਦੁਹਰਾਈ ਲਈ ਉਤਸ਼ਾਹਿਤ ਕਰਨਾ।
- ਵਿਦਿਆਰਥੀਆਂ ਨੂੰ ਲਿਖਣ ਦੇ ਵਿਚ ਕੰਪਿਊਟਰ ਦੀ ਮਦਦ ਲੈਣ ਲਈ ਪ੍ਰੇਰਿਤ ਕਰਨਾ, ਤਾਂ ਜੋ ਕਿ ਉਨ੍ਹਾਂ ਦੀ ਜਾਣਕਾਰੀ ਤਾਜੀ ਰਹੇ।
- ਵਿਦਿਆਰਥੀਆਂ ਨੂੰ ਕਹਿਣਾ ਕਿ ਜਿਸ ਵਿਸ਼ੇ ਬਾਰੇ ਉਹ ਗੱਲ ਕਰਨਾ ਚਾਹੁੰਦੇ ਹਨ । ਉਸ ਸੰਬੰਧੀ ਆਪਣੇ ਪਹਿਲਾ ਸੰਖੇਪ ਰੂਪ ਵਿਚ ਲਿਖ ਲੈਣ ਅਤੇ ਉਸ ਤੋਂ ਬਾਅਦ ਵਿਚਾਰ ਵਟਾਂਦਰਾ ਕਰਨ।

- ਵਿਦਿਆਰਥੀਆਂ ਨੂੰ ਜਮਾਤ ਵਿਚ ਤਿੰਨ ਜਾਂ ਚਾਰ ਪ੍ਰਸ਼ਨ ਦੇ ਦਿੱਤੇ ਜਾਣ ਅਤੇ ਉਨ੍ਹਾਂ ਕਿਹਾ ਜਾਵੇ ਕਿ ਉਹ ਇਨ੍ਹਾਂ ਪ੍ਰਸ਼ਨਾਂ ਸੰਬੰਧੀ ਆਪਣੇ ਵਿਚਾਰਾਂ ਨੂੰ ਲਿਖਤੀ ਰੂਪ ਵਿਚ ਦੇਣ। ਅਜਿਹਾ ਕਰਕੇ ਵੀ ਅਧਿਆਪਕ ਵਿਦਿਆਰਥੀਆਂ ਅੰਦਰ ਸਿਖਿਅਕ ਲੇਖਣ ਦੀ ਕੋਸ਼ਲ ਦਾ ਵਿਕਾਸ ਕਰ ਸਕਦਾ ਹੈ।
- ਅਧਿਆਪਕ ਵਿਦਿਆਰਥੀਆਂ ਨੂੰ ਦੋ ਜਾਂ ਤਿੰਨ ਚੰਗੀਆਂ ਕਿਤਾਬਾਂ ਪੜ੍ਹਨ ਲਈ ਦੇ ਸਕਦਾ ਹੈ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰ ਸਕਦਾ ਹੈ ਕਿ ਉਨ੍ਹਾਂ ਨੇ ਕਿਵੇ ਲਿਖਣਾ ਹੈ।
- ਵਿਦਿਆਰਥੀਆਂ ਨੂੰ ਕਹਿਣਾ ਕਿ ਉਹ ਪ੍ਰਭਾਵਸ਼ਾਲੀ ਲੇਖਣ ਦੀਆਂ ਵਿਸ਼ੇਸ਼ਤਾਵਾਂ ਦੀ ਪਹਿਚਾਣ ਕਰਨ ਕਿ ਕਿਹੜੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹੋ ਸਕਦੀਆਂ ਹਨ। ਮਹੱਤਵਪੂਰਨ ਵਿਚਾਰ ਚਾਕ ਬੋਰਡ ਉਪਰ ਲਿਖ ਦਿੱਤੇ ਜਾਣ।

### 2.3.7 ਸਾਰ:-

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਦਿਆਰਥੀਆਂ ਦੀਆਂ ਸਿੱਖਣ ਗਤੀਵਿਧੀਆਂ, ਉਨ੍ਹਾਂ ਦੀ ਕਿਸੇ ਕੰਮ ਵਿਚ ਸਹਿਭਾਗਤਾ ਨੂੰ ਬਿਆਨ ਕਰਦੀਆਂ ਹਨ। ਜਦੋਂ ਵਿਦਿਆਰਥੀ ਸਿੱਖਣਾ ਚਾਹੁੰਦੇ ਹਨ ਅਤੇ ਕਿਸੇ ਸੰਕਲਪ ਨੂੰ ਸਮਝਣਾ ਚਾਹੁੰਦੇ ਹਨ ਤਾਂ ਉਹ ਉਸ ਗਤੀਵਿਧੀ ਵਿੱਚ ਭਾਗ ਲੈਂਦੇ ਹਨ। ਸੋ ਸਾਨੂੰ ਵਿਦਿਆਰਥੀਆਂ ਨੂੰ ਵਧੀਆਂ ਲਿਖਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀਂ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਸਿਖਿਅਤ ਲਿਖਤਾਂ ਵਿਚ ਮਹੱਤਵਪੂਰਨ ਸਥਾਨ ਦਵਾ ਸਕਦੇ ਹਾਂ।

### 2.3.8: ਅਭਿਆਸ

ਪ੍ਰ: ਸਿੱਖਿਅਕ ਲਿਖਣ ਕੀ ਹੈ? ਇਸਨੂੰ ਲਿਖਣ ਦੀ ਲੋੜ ਅਤੇ ਮਹੱਤਤਾਂ ਨੂੰ ਬਿਆਨ ਕਰੋ।

ਪ੍ਰ: ਸਿੱਖਿਅਕ ਲਿਖਤਾਂ ਨੂੰ ਕਿਵੇਂ ਲਿਖਿਆ ਜਾਂਦਾ ਹੈ? ਇਸਨੂੰ ਲਿਖਣ ਦੇ ਵਿਭਿੰਨ ਪੜਾਅ ਕਿਹੜੇ ਹਨ? ਵਿਸਥਾਰ ਪੂਰਵਕ ਲਿਖੋ।

ਪ੍ਰ: ਸਿੱਖਿਅਕ ਲਿਖਤ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?

ਪ੍ਰ: ਵਿਦਿਆਰਥੀਆਂ ਦੀਆਂ ਸਿੱਖਿਅਤ ਲਿਖਤਾਂ ਵਿੱਚ ਸੁਧਾਰ ਲਿਆਉਣ ਲਈ ਸੁਝਾਅ ਦੱਸੋ।

ਪ੍ਰ: ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ:-

(ੳ) ਲੇਖ।

(ਅ) ਕਾਨਫਰੰਸ ਪੱਤਰ ਨੂੰ ਲਿਖਣ ਦੇ ਪੜਾਅ।

(ੲ) ਡਿਜਰਟੇਸ਼ਨ ਜਾਂ ਥੀਸਿਜ

(ਸ) ਐਕਸਪਲੀਕੇਸ਼ਨ

### 2.3.9 ਸੁਝਾਅ ਹਿੱਤ ਪੁਸਤਕਾਂ:-

Sachdeva M.S (2013). *Teaching of English.*

Grellet, F. (1981) Developing Reading Skills: A practical guide to Reading comprehension exercise.

Kaul Lokesh, Research Methodology.